ਵੈੱਬਸਾਈਟ
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



ਅੰਦਰਲੀ ਖ਼ਬਰ
ਹਰਿਆਣਾ ਅਤੇ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਧਰਤੀ ਹੇਠਲਾ ਪਾਣੀ ਖ਼ਤਰਨਾਕ! ਕੈਂਸਰ ਦਾ ਖ਼ਤਰਾ! 05

ਅੰਦਰਲੀ ਖ਼ਬਰ
ਅਮਰੀਕਾ ਤੋਂ ਭਾਰਤੀਆਂ ਨੂੰ ਡਿਪੋਰਟ ਕਰਨ ਦਾ ਮਾਮਲਾ: ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਟਰੈਵਲ ਏਜੰਟਾਂ ਵਿਰੁੱਧ 8 FIR ਦਰਜ 07



ਪੰਨਾ ਨੰ.:6 ਲੇਖ
ਬੁੱਕਲ ਵਿੱਚ ਬਹਿ ਕੇ ਦਾਹੜੀ ਮੁੰਨੀ!





PUNJABSTAR.COM
# ਪੰਜਾਬ ਸਟਾਰ
Phone: 905-673-7666 , Fax: 1-289-206-8611
13 ਫਰਵਰੀ ਤੋਂ 19 ਫਰਵਰੀ, 2025
Email :- editor@punjabstar.com, Vo.20.Issue:1172

# ਯੂ.ਕੇ ਵੱਲੋਂ 19000 ਗੈਰਕਾਨੂੰਨੀ ਪਰਵਾਸੀ ਡਿਪੋਰਟ

## ਗ਼ੈਰਕਾਨੂੰਨੀ ਪਰਵਾਸੀਆਂ ਨੂੰ ਕਾਬੂ ਕਰਨ ਲਈ ਮਾਰੇ ਛਾਪਿਆਂ 'ਚ ਭਾਰਤੀ ਰੈਸਟੋਰੈਂਟ ਵੀ ਸ਼ਾਮਲ



ਚੰਡੀਗੜ੍ਹ (ਪੰਜਾਬ ਸਟਾਰ ਬਿਊਰੋ): ਯੂਕੇ ਨੇ ਅਮਰੀਕਾ ਦੀ ਟਰੰਪ ਸਰਕਾਰ ਦੀ ਤਰਜ਼ 'ਤੇ ਗੈਰਕਾਨੂੰਨੀ ਪਰਵਾਸੀਆਂ ਖਿਲਾਫ਼ ਵੱਡੀ ਕਾਰਵਾਈ ਕਰਦਿਆਂ 19,000 ਵਿਅਕਤੀਆਂ ਨੂੰ ਡਿਪੋਰਟ ਕੀਤਾ ਹੈ। ਇਨ੍ਹਾਂ ਵਿਚ ਗੈਰਕਾਨੂੰਨੀ ਪਰਵਾਸੀਆਂ ਦੇ ਨਾਲ ਵਿਦੇਸ਼ੀ ਅਪਰਾਧੀ ਵੀ ਸ਼ਾਮਲ ਹਨ। ਯੂਕੇ ਦੀ Keir Starmer ਦੀ ਅਗਵਾਈ ਵਾਲੀ ਲੇਬਰ ਸਰਕਾਰ ਨੇ ਮੁਲਕ ਵਿਚ ਗੈਰਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਲੋਕਾਂ ਨੂੰ ਕਾਬੂ ਕਰਨ ਲਈ ਪਿਛਲੇ ਸਮੇਂ ਵਿਚ ਵੱਡੇ ਪੱਧਰ 'ਤੇ ਛਾਪੇ ਮਾਰੇ ਹਨ। ਯੂਕੇ ਪੁਲੀਸ ਨੇ ਜਿਨ੍ਹਾਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਉਨ੍ਹਾਂ ਵਿਚ ਭਾਰਤੀ ਰੈਸਟੋਰੈਂਟ, ਨੇਲ ਬਾਰਜ਼, ਸਟੋਰ ਤੇ ਕਾਰ ਵਾਸ਼ਿਜ਼ ਸ਼ਾਮਲ ਹਨ, ਕਿਉਂਕਿ ਬਹੁਤੇ ਪਰਵਾਸੀ ਕਾਮੇ ਇਥੇ ਹੀ ਕੰਮ ਕਰਦੇ ਹਨ।

ਗ੍ਰਹਿ ਮੰਤਰੀ ਯੈਵੇਟ ਕੂਪਰ ਨੇ ਕਿਹਾ ਕਿ ਉਨ੍ਹਾਂ ਦੇ ਵਿਭਾਗ ਦੀਆਂ ਇਮੀਗ੍ਰੇਸ਼ਨ ਐੱਨਫੋਰਸਮੈਂਟ ਟੀਮਾਂ ਨੇ ਜਨਵਰੀ ਮਹੀਨੇ ਵਿਚ 828 ਟਿਕਾਣਿਆਂ * ਬਾਕੀ ਸਫਾ 2 'ਤੇ

# ਅਮਰੀਕਾ 'ਚੋਂ ਕੱਢੇ ਜਾਣਗੇ 180 ਹੋਰ ਭਾਰਤੀ, ਪਰਸੋਂ ਅੰਮ੍ਰਿਤਸਰ ਆ ਰਿਹਾ ਅਮਰੀਕੀ ਜਹਾਜ਼- ਸੂਤਰ

## ਪਹਿਲਾਂ 30 ਪੰਜਾਬੀਆਂ ਸਣੇ 104 ਭਾਰਤੀਆਂ ਦੀ ਹੋਈ ਸੀ ਵਤਨ ਵਾਪਸੀ



(ਪੰਜਾਬ ਸਟਾਰ ਬਿਊਰੋ) ਅਮਰੀਕਾ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਸਖ਼ਤੀ ਜਾਰੀ ਹੈ। ਪਿਛਲੇ ਹਫ਼ਤੇ ਅਮਰੀਕਾ ਵੱਲੋਂ 104 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਹੁਣ ਸੂਤਰਾਂ ਦੇ ਹਵਾਲੇ ਤੋਂ ਇਕ ਹੋਰ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਜਾਣਕਾਰੀ ਅਨੁਸਾਰ ਅਮਰੀਕਾ 'ਚੋਂ * ਬਾਕੀ ਸਫਾ 2 'ਤੇ

# PM ਮੋਦੀ ਦਾ ਅਮਰੀਕਾ ਦੌਰਾ, ਵਾਸ਼ਿੰਗਟਨ ਪਹੁੰਚੇ ਪ੍ਰਧਾਨ ਮੰਤਰੀ



(ਪੰਜਾਬ ਸਟਾਰ ਬਿਊਰੋ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋ ਦਿਨਾ ਅਮਰੀਕੀ ਦੌਰੇ 'ਤੇ ਪਹੁੰਚ ਚੁੱਕੇ ਹਨ। ਵਾਸ਼ਿੰਗਟਨ ਵਿਚ ਭਾਰਤੀ ਮੂਲ ਦੇ ਲੋਕਾਂ ਨੇ ਉਨ੍ਹਾਂ ਦਾ ਜ਼ਬਰਦਸਤ ਸਵਾਗਤ ਕੀਤਾ। ਪੀਐੱਮ ਮੋਦੀ ਨੇ ਅਮਰੀਕੀ ਰਾਸ਼ਟਰੀ ਖੁਫੀਆ ਡਾਇਰੈਕਟਰ ਤੁਲਸੀ ਗਬਾਰਡ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੱਸਿਆ ਕਿ ਵਾਸ਼ਿੰਗਟਨ ਡੀਸੀ ਵਿਚ ਯੂਐੱਸਏ ਦੀ ਰਾਸ਼ਟਰੀ ਖ਼ੁਫ਼ੀਆ ਡਾਇਰੈਕਟਰ ਤੁਲਸੀ ਗਬਾਰਡ ਨਾਲ ਮੁਲਾਕਾਤ ਕੀਤੀ ਤੇ * ਬਾਕੀ ਸਫਾ 2 'ਤੇ

# 27 ਧਾਰਮਿਕ ਸਮੂਹਾਂ ਵੱਲੋਂ ਇਮੀਗਰੇਸ਼ਨ ਛਾਪਿਆਂ ਖ਼ਿਲਾਫ਼ ਟਰੰਪ ਵਿਰੁੱਧ ਮੁਕੱਦਮਾ ਦਾਇਰ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਲੱਖਾਂ ਅਮਰੀਕੀਆਂ ਦੀ ਨੁਮਾਇੰਦਗੀ ਕਰਨ ਵਾਲੇ ਦੋ ਦਰਜਨ ਤੋਂ ਵੱਧ ਈਸਾਈ ਅਤੇ ਯਹੂਦੀ ਸਮੂਹਾਂ-ਐਪੀਸਕੋਪਲ ਚਰਚ ਅਤੇ ਯੂਨੀਅਨ ਫਾਰ ਰਿਫਾਰਮ ਜੂਡੀਜ਼ਮ ਤੋਂ ਲੈ ਕੇ ਮੇਨੋਨਾਈਟਸ ਅਤੇ ਯੂਨੀਟੇਰੀਅਨ ਯੂਨੀਵਰਸਲਿਸਟਸ ਤੱਕ-ਨੇ ਮੰਗਲਵਾਰ ਨੂੰ ਟਰੰਪ ਪ੍ਰਸ਼ਾਸਨ ਦੇ ਉਸ ਕਦਮ ਨੂੰ ਚੁਣੌਤੀ ਦਿੰਦੇ ਹੋਏ ਇੱਕ * ਬਾਕੀ ਸਫਾ 2 'ਤੇ

# 1984 ਸਿੱਖ ਕਤਲੇਆਮ ਦੇ ਮਾਮਲੇ 'ਚ ਸੱਜਣ ਕੁਮਾਰ ਦੋਸ਼ੀ ਕਰਾਰ



ਨਵੀਂ ਦਿੱਲੀ (ਪੰਜਾਬ ਸਟਾਰ ਬਿਊਰੋ): ਦਿੱਲੀ ਦੀ ਇੱਕ ਅਦਾਲਤ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਵਿਰੁੱਧ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਸਬੰਧੀ ਹੱਤਿਆ ਦੇ ਇੱਕ ਮਾਮਲੇ 'ਚ ਅੱਜ ਉਸ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਸ ਤੋਂ ਪਹਿਲਾਂ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਇਸ ਸਬੰਧੀ ਫੈਸਲਾ ਮੁਲਤਵੀ ਕਰ ਦਿੱਤਾ ਸੀ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਦੋਸ਼ੀ ਠਹਿਰਾਉਣ ਦਾ ਹੁਕਮ ਦਿੱਤਾ ਅਤੇ ਸਜ਼ਾ 'ਤੇ ਬਹਿਸ 18 ਫਰਵਰੀ ਨੂੰ ਪਾ ਦਿੱਤੀ। ਕੁਮਾਰ ਨੂੰ ਫ਼ੈਸਲਾ ਸੁਣਾਉਣ ਲਈ ਤਿਹਾੜ ਜੇਲ੍ਹ ਤੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਮਾਮਲਾ 1984 ਦੇ * ਬਾਕੀ ਸਫਾ 2 'ਤੇ

# ਕੈਨੇਡਾ ਦੇ ਸਾਬਕਾ ਪੰਜ ਪ੍ਰਧਾਨ ਮੰਤਰੀਆਂ ਵਲੋਂ 15 ਫਰਵਰੀ ਨੂੰ ਕੈਨੇਡੀਅਨ ਫਲੈਗ ਲਹਿਰਾਉਣ ਦਾ ਸੱਦਾ



ਓਟਾਵਾ (ਬਲਜਿੰਦਰ ਸੇਖਾ): ਕੈਨੇਡਾ ਦੇ ਸਾਰੇ ਜੀਵਤ ਸਾਬਕਾ ਪ੍ਰਧਾਨ ਮੰਤਰੀਆਂ ਨੇ ਕੈਨੇਡੀਅਨਾਂ ਨੂੰ ਆਪਣੇ ਰਾਸ਼ਟਰੀ ਮਾਣ ਦਾ ਪ੍ਰਗਟਾਵਾ ਕਰਨ ਅਤੇ "ਝੰਡਾ ਲਹਿਰਾਉਣ ਦਾ ਸੱਦਾ ਦਿੱਤਾ ਕਿਉਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਦੇਸ਼ ਦੀ ਆਰਥਿਕ ਸੁਰੱਖਿਆ ਅਤੇ ਪ੍ਰਭੂਸੱਤਾ ਵਿਰੁੱਧ ਆਪਣੀਆਂ ਧਮਕੀਆਂ ਜਾਰੀ ਰੱਖ ਰਹੇ ਹਨ।

ਯਾਦ ਰਹੇ ਕਿ ਸ਼ਨੀਵਾਰ, 15 ਫਰਵਰੀ — ਝੰਡਾ ਦਿਵਸ (ਫਲੈਗ ਡੇਅ) ਤੇ ਕੈਨੇਡੀਅਨ ਝੰਡੇ ਦੀ 60ਵੀਂ ਵਰ੍ਹੇਗੰਢ ਹੈ। ਇੱਕ ਸਾਂਝੇ ਬਿਆਨ ਵਿੱਚ, ਸਾਬਕਾ ਪ੍ਰਧਾਨ ਮੰਤਰੀ ਜੋਅ ਕਲਾਰਕ, ਕਿਮ ਕੈਂਪਬੈਲ, ਜੀਨ ਚੈਰੀਟੀਅਨ, ਪਾਲ ਮਾਰਟਿਨ ਅਤੇ ਸਟੀਫਨ ਹਾਰਪਰ ਨੇ ਕੈਨੇਡੀਅਨਾਂ ਨੂੰ * ਬਾਕੀ ਸਫਾ 2 'ਤੇ

# ਉੱਤਰੀ ਅਫ਼ਗਾਨਿਸਤਾਨ 'ਚ ਬੈਂਕ ਨੇੜੇ ਆਤਮਘਾਤੀ ਬੰਬ ਧਮਾਕਾ, 5 ਮੌਤਾਂ



ਇਸਲਾਮਾਬਾਦ (ਪੰਜਾਬ ਸਟਾਰ ਬਿਊਰੋ) : ਉੱਤਰੀ ਅਫ਼ਗਾਨਿਸਤਾਨ ਵਿਚ ਮੰਗਲਵਾਰ ਨੂੰ ਇਕ ਬੈਂਕ ਨੇੜੇ ਆਤਮਘਾਤੀ ਹਮਲਾਵਰ ਨੇ ਖ਼ੁਦ ਨੂੰ ਉਡਾ ਲਿਆ, ਜਿਸ ਵਿਚ ਘੱਟੋ-ਘੱਟ 5 ਲੋਕ ਮਾਰੇ ਗਏ ਅਤੇ 7 ਹੋਰ ਜ਼ਖ਼ਮੀ ਹੋ ਗਏ। ਪੁਲਿਸ ਨੇ ਇਹ ਜਾਣਕਾਰੀ ਦਿਤੀ। * ਬਾਕੀ ਸਫਾ 2 'ਤੇ

# ਮੈਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਬਾਰੇ ਗੰਭੀਰ ਹਾਂ: ਟਰੰਪ

ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਸੁਪਰ ਬਾਊਲ ਪ੍ਰੀਸ਼ੋਅ ਦੌਰਾਨ ਇੱਕ ਇੰਟਰਵਿਊ ਵਿੱਚ ਕਿਹਾ ਕਿ ਉਹ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਲਈ ਗੰਭੀਰ ਹਨ। ਇਸ ਦੌਰਾਨ, ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਕੈਨੇਡਾ ਨੂੰ ਅਮਰੀਕਾ ਨਾਲ ਮਿਲਾਉਣ ਦੀ ਉਨ੍ਹਾਂ ਦੀ ਗੱਲ "ਸੱਚੀ" ਹੈ- ਜਿਵੇਂ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਲ ਹੀ ਵਿੱਚ ਚੇਤਾਵਨੀ ਦਿੱਤੀ ਸੀ – ਤਾਂ ਉਨ੍ਹਾਂ ਕਿਹਾ: "ਹਾਂ, ਇਹ ਸੱਚ ਹੈ।" 'ਮੈਨੂੰ ਲੱਗਦਾ ਹੈ ਕਿ ਕੈਨੇਡਾ 51ਵੇਂ ਰਾਜ ਵਜੋਂ ਬਹੁਤ ਬਿਹਤਰ ਹੋਵੇਗਾ, ਕਿਉਂਕਿ ਕੈਨੇਡਾ ਦੇ ਨਾਲ ਅਸੀਂ ਹਰ ਸਾਲ 200 ਬਿਲੀਅਨ ਡਾਲਰ ਗੁਆਉਂਦੇ ਹਾਂ ਅਤੇ ਮੈਂ ਅਜਿਹਾ ਨਹੀਂ ਹੋਣ ਦਿਆਂਗਾ।' ਡੋਨਾਲਡ ਟਰੰਪ ਨੇ ਕਿਹਾ- ਅਸੀਂ ਹਰ ਸਾਲ ਕੈਨੇਡਾ ਨੂੰ 200 ਬਿਲੀਅਨ * ਬਾਕੀ ਸਫਾ 2 'ਤੇ



# ਕੈਨੇਡਾ ਨੂੰ ਅਮਰੀਕਾ 'ਚ ਮਿਲਾਉਣ ਦੀ ਟਰੰਪ ਦੀ ਧਮਕੀ 'ਅਸਲੀ': ਜਸਟਿਨ ਟਰੂਡੋ

ਓਟਾਵਾ (ਪੰਜਾਬ ਸਟਾਰ ਬਿਊਰੋ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਕੈਨੇਡਾ ਨੂੰ ਅਮਰੀਕਾ ਵਿੱਚ ਮਿਲਾਉਣ ਦੀ ਧਮਕੀ "ਅਸਲੀ" ਹੈ। ਮੀਡੀਆ ਰਿਪੋਰਟਾਂ ਅਨੁਸਾਰ, ਉਨ੍ਹਾਂ ਨੇ ਸ਼ੁੱਕਰਵਾਰ ਨੂੰ ਟੋਰਾਂਟੋ ਵਿੱਚ ਕੈਨੇਡਾ-ਅਮਰੀਕਾ ਆਰਥਿਕ ਸੰਮੇਲਨ ਵਿੱਚ ਕਾਰੋਬਾਰੀ ਆਗੂਆਂ ਨੂੰ ਇਹ ਗੱਲ ਕਹੀ। ਟਰੂਡੋ ਨੇ ਕਿਹਾ ਕਿ ਟਰੰਪ ਦੀ ਧਮਕੀ ਕੈਨੇਡਾ ਦੀ ਮਹੱਤਵਪੂਰਨ ਖਣਿਜਾਂ ਤੱਕ ਪਹੁੰਚ ਤੋਂ ਪ੍ਰੇਰਿਤ ਹੋ ਸਕਦੀ ਹੈ। ਰਿਪੋਰਟ ਵਿਚ ਕੈਨੇਡੀਅਨ ਪੀ.ਐੱਮ. ਦੇ ਹਵਾਲੇ ਨਾਲ ਕਿਹਾ ਗਿਆ, "ਅਮਰੀਕੀ ਰਾਸ਼ਟਰਪਤੀ ਦੇ ਮਨ ਵਿੱਚ ਇਹ ਹੈ ਕਿ ਅਜਿਹਾ ਕਰਨ ਦਾ ਸਭ ਤੋਂ ਆਸਾਨ ਤਰੀਕਾ ਸਾਡੇ ਦੇਸ਼ ਨੂੰ ਆਪਣੇ ਵਿੱਚ ਸ਼ਾਮਲ ਕਰਨਾ ਅਤੇ ਇਹ ਇੱਕ ਅਸਲੀ ਗੱਲ ਹੈ।"

ਪ੍ਰਧਾਨ ਮੰਤਰੀ ਨੇ ਕਿਹਾ ਕਿ ਟਰੰਪ ਇਸ ਲਈ ਅੱਗੇ ਵਧ ਰਹੇ ਹਨ ਕਿਉਂਕਿ ਅਮਰੀਕਾ ਨੂੰ ਕੈਨੇਡਾ ਦੇ ਮਹੱਤਵਪੂਰਨ ਖਣਿਜ ਸਰੋਤਾਂ ਤੋਂ ਲਾਭ ਮਿੱਲ ਸਕਦਾ ਹੈ। * ਬਾਕੀ ਸਫਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਬਟਾਲਾ ਦੇ ਨੌਜਵਾਨ ਦੀ ਕੈਨੇਡਾ 'ਚ ਇਲਾਜ ਦੌਰਾਨ ਹੋਈ ਮੌਤ



ਬਟਾਲਾ: ਬਟਾਲਾ ਦੇ ਪਿੰਡ ਮੂਲਿਆਂਵਾਲ ਦੇ ਨੌਜਵਾਨ ਦਾ ਕੈਨੇਡਾ ਦੇ ਮੈਨੀਟੋਬ ਸਟੇਟ ਦੇ ਸ਼ਹਿਰ ਵਿਨੀਪੈੱਗ ਵਿੱਚ 31 ਦਸੰਬਰ 2024 ਨੂੰ ਸੜਕ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋ ਗਿਾ। ਇਸ ਤੋਂ ਬਾਅਦ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਦੇਹ ਮੰਗਲਵਾਰ ਨੂੰ ਦੁਪਹਿਰ 2 ਵਜੇ ਪਿੰਡ ਪੁੱਜੀ। ਪਰਿਵਾਰ ਧਾਹਾਂ ਮਾਰ-ਮਾਰ ਰੋ ਰਿਹਾ ਸੀ।

ਇਸ ਸਬੰਧੀ ਮ੍ਰਿਤਕ ਸੁਖਪ੍ਰੀਤ ਸਿੰਘ ਪੱਡਾ (32) ਦੇ ਪਿਤਾ ਰਿਟਾ. ਏ.ਐੱਸ.ਆਈ. ਮਨਜੀਤ ਸਿੰਘ ਪੱਡਾ ਨੇ ਦੱਸਿਆ ਕਿ ਉਸ ਦਾ ਪੁੱਤਰ ਸੁਖਪ੍ਰੀਤ ਪੱਡਾ 2017 ਵਿਚ ਕੈਨੇਡਾ ਦੇ ਸ਼ਹਿਰ ਵਿਨੀਪੈੱਗ ਵਿਖੇ ਗਿਆ ਸੀ ਅਤੇ ਮੈਡੀਕਲ ਦੀ ਪੜ੍ਹਾਈ ਕਰਨ ਉਪਰੰਤ ਉਹ ਉਥੇ ਹੀ ਮੈਡੀਕਲ ਖੇਤਰ ਵਿਚ ਨੌਕਰੀ ਕਰ ਰਿਹਾ ਸੀ।

ਉਨ੍ਹਾਂ ਦੱਸਿਆ ਕਿ ਬੀਤੀ 31 ਦਸੰਬਰ 2024 ਦੀ ਰਾਤ ਨੂੰ ਕੰਮ ਤੋਂ ਵਾਪਸ ਘਰ ਨੂੰ ਪਰਤ ਰਿਹਾ ਸੀ ਕਿ ਇਕ ਗੋਰੀ ਨੇ ਗਲਤ ਸਾਈਡ ਤੋਂ ਆ ਕੇ ਕਾਰ ਮਾਰ ਦਿੱਤੀ, ਜਿਸ ਨਾਲ ਉਸ ਦਾ ਬੇਟਾ ਸੁਖਪ੍ਰੀਤ ਸਿੰਘ ਗੰਭੀਰ ਜ਼ਖਮੀ ਹੋ ਗਿਆ ਸੀ ਅਤੇ ਉਸ ਦਾ ਇਲਾਜ ਵਿਨੀਪੈੱਗ ਸ਼ਹਿਰ ਦੇ ਹਸਪਤਾਲ ਵਿਚ ਚੱਲ ਰਿਹਾ ਸੀ, ਜਿੱਥੇ ਬੀਤੇ ਦਿਨੀਂ ਸੁਖਪ੍ਰੀਤ ਦੀ ਮੌਤ ਹੋ ਗਈ।

ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਦੇ ਜਵਾਨ ਪੁੱਤਰ ਦੀ ਮੌਤ ਹੋਣ ਨਾਲ ਦੁੱਖਾਂ ਦਾ ਪਹਾੜ ਉਨ੍ਹਾਂ 'ਤੇ ਡਿੱਗ ਪਿਆ ਹੈ। ਉਸ ਦੱਸਿਆ ਕਿ ਉਸ ਦਾ ਬੇਟਾ ਸ਼ਾਦੀਸ਼ੁਦਾ ਹੈ, ਜਿਸ ਦੀ ਇਕ ਬੱਚੀ ਵੀ ਹੈ ਅਤੇ ਬੀਤੀ 5 ਜਨਵਰੀ ਨੂੰ ਘਰ ਆਉਣਾ ਸੀ ਪਰ ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਹੋ ਗਿਆ। ਮੰਦਭਾਗੀ ਖ਼ਬਰ ਮਿਲਣ ਮਗਰੋਂ ਮ੍ਰਿਤਕ ਦੀ ਮਾਤਾ ਦਾ ਰੋ-ਰੋ ਕੇ ਬੁਰਾ ਹਾਲ ਸੀ ਅਤੇ ਸਾਰੇ ਪਿੰਡ ਵਿਚ ਸ਼ੋਕ ਦੀ ਲਹਿਰ ਦੌੜ ਗਈ। ਜਾਣਕਾਰੀ ਮੁਤਾਬਕ ਮ੍ਰਿਤਕ ਸੁਖਪ੍ਰੀਤ ਸਿੰਘ ਪੱਡਾ ਦਾ ਪਿੰਡ ਮੂਲਿਆਂਵਾਲ ਦੇ ਸਮਸ਼ਾਨਘਾਟ ਵਿਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ।

# ਹਰਦੀਪ ਸਿੰਘ ਨਿੱਜਰ ਕਤਲਕਾਂਡ ਦੀ ਸੁਣਵਾਈ ਮੁਲਤਵੀ

## ਬੀ.ਸੀ. ਦੀ ਸੁਪਰੀਮ ਕੋਰਟ ਵਿਚ ਪੇਸ਼ ਹੋਏ ਮੁਲਜ਼ਮਾਂ ਦੀ ਵਕੀਲ

## 23 ਅਪ੍ਰੈਲ ਨੂੰ ਮੁੜ ਹੋਵੇਗੀ ਮਾਮਲੇ ਦੀ ਸੁਣਵਾਈ



ਨਿਊ ਵੈਸਟਮਿੰਸਟਰ : ਹਰਦੀਪ ਸਿੰਘ ਨਿੱਜਰ ਕਤਲਕਾਂਡ ਦੀ ਸੁਣਵਾਈ ਮੰਗਲਵਾਰ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਬੀ.ਸੀ. ਦੀ ਸੁਪਰੀਮ ਕੋਰਟ ਵਿਚ ਆਰੰਭ ਹੋ ਗਈ ਜਿਥੇ ਵੱਡੀ ਗਿਣਤੀ ਵਿਚ ਸਿੱਖ ਭਾਈਚਾਰੇ ਦੇ ਲੋਕ ਪੁੱਜੇ ਹੋਏ ਸਨ। ਅਮਨਦੀਪ ਸਿੰਘ, ਕਰਨ ਬਰਾੜ, ਕਮਲਪ੍ਰੀਤ ਸਿੰਘ ਅਤੇ ਕਰਨਪ੍ਰੀਤ ਸਿੰਘ ਵਿਚੋਂ ਤਿੰਨ ਜਣਿਆਂ ਦੇ ਵਕੀਲ ਵੀਡੀਓ ਕਾਨਫ਼ਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ ਹੋਏ ਜਦਕਿ ਚੌਥੇ ਮੁਲਜ਼ਮ ਦਾ ਵਕੀਲ ਖੁਦ ਅਦਾਲਤ ਵਿਚ ਹਾਜ਼ਰ ਹੋਇਆ। ਸਰਕਾਰੀ ਵਕੀਲ ਲੁਇਸ ਕੈਨਵਰਦੀ ਅਤੇ ਉਨ੍ਹਾਂ ਦੀ ਟੀਮ ਵੱਲੋਂ ਜਸਟਿਸ ਟੈਰੀ ਸ਼ਲਟਸ ਸਾਹਮਣੇ ਤੱਥ ਪੇਸ਼ ਕੀਤੇ ਗਏ ਜਿਸ ਮਗਰੋਂ ਜਸਟਿਸ ਸ਼ਲਟਸ ਵੱਲੋਂ ਮੁਕੱਦਮੇ ਦੀ ਸੁਣਵਾਈ 23 ਅਪ੍ਰੈਲ ਤੱਕ ਮੁਲਤਵੀ ਕਰ ਦਿਤੀ ਗਈ।

ਦੱਸਿਆ ਜਾ ਰਿਹਾ ਹੈ ਕਿ 12 ਫ਼ਰਵਰੀ ਨੂੰ ਚਾਰੇ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਣਾ ਸੀ ਪਰ ਹੁਣ ਅਗਲੀ ਸੁਣਵਾਈ ਮੌਕੇ ਹੀ ਇਹ ਸੰਭਵ ਹੋ ਸਕੇਗਾ। ਸਰੀ ਪ੍ਰੋਵਿਨਸ਼ੀਅਲ ਕੋਰਟ ਤੋਂ ਬੀ.ਸੀ ਦੀ ਸੁਪਰੀਮ ਕੋਰਟ ਵਿਚ ਮੁਕੱਦਮਾ ਤਬਦੀਲ ਕੀਤੇ ਜਾਣ ਮਗਰੋਂ ਤਾਜ਼ਾ ਸੁਣਵਾਈ ਅਜਿਹੇ ਸਮੇਂ ਹੋਈ ਜਦੋਂ ਭਾਰਤੀ ਮੀਡੀਆ ਕਤਲਕਾਂਡ ਦੇ ਮੁਲਜ਼ਮਾਂ ਨੂੰ ਜ਼ਮਾਨਤ ਮਿਲਣ ਦੀ ਬੇਬੁਨਿਆਦ ਖਬਰ ਪ੍ਰਸਾਰਤ ਅਤੇ ਪ੍ਰਕਾਸ਼ਤ ਕੀਤੀ ਜਾ ਚੁੱਕੀ ਹੈ। ਬੀ.ਸੀ. ਦੀ ਸੁਪਰੀਮ ਕੋਰਟ ਵਿਚ ਅੰਤਮ ਸੁਣਵਾਈ 18 ਨਵੰਬਰ 2024 ਨੂੰ ਹੋਈ ਅਤੇ ਚਾਰੇ ਜਣਿਆਂ ਦਾ ਸਟੇਟਸ 'ਐਨ' ਲਿਖਿਆ ਹੋਇਆ ਸੀ ਜਿਸ ਦਾ ਮਤਲਬ ਇਹ ਕੱਢਿਆ ਗਿਆ ਕਿ ਇਨ੍ਹਾਂ ਵਿਚੋਂ ਕੋਈ ਵੀ ਪੁਲਿਸ ਹਿਰਾਸਤ ਵਿਚ ਨਹੀਂ ਹੈ। ਦੂਜੇ ਪਾਸੇ ਕੈਨੇਡੀਅਨ ਅਦਾਲਤ ਵੱਲੋਂ ਮੁਲਜ਼ਮਾਂ ਦੀ ਹਿਰਾਸਤ ਯਕੀਨੀ ਬਣਾਉਣ ਦੇ ਹੁਕਮ ਦਿਤੇ ਗਏ ਸਨ। ਇਥੇ ਦਸਣਾ ਬਣਦਾ ਹੈ ਕਿ 18 ਜੂਨ 2023 ਨੂੰ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਜਰ ਦਾ ਸਰੀ ਦੇ ਗੁਰੂ ਨਾਨਕ ਸਿੱਖ ਗੁਰਦਵਾਰਾ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਗਿਆ ਸੀ।

ਹਰਦੀਪ ਸਿੰਘ ਨਿੱਜਰ ਆਪਣੇ ਪਿਕਅੱਪ ਟਰੱਕ ਵਿਚ ਸਵਾਰ ਹੋ ਕੇ ਘਰ ਵਾਸਤੇ ਰਵਾਨਾ ਹੋਇਆ ਪਰ ਪਾਰਕਿੰਗ ਦੇ ਮੁੱਖ ਗੇਟ 'ਤੇ ਇਕ ਸਫੈਦ ਰੰਗ ਦੀ ਗੱਡੀ ਰਾਹ ਵਿਚ ਖੜ੍ਹੀ ਨਜ਼ਰ ਆਈ ਅਤੇ ਜਦੋਂ ਹਰਦੀਪ ਸਿੰਘ ਨਿੱਜਰ ਨੇ ਪਿਕਅੱਪ ਟਰੱਕ ਰੋਕਿਆ ਤਾਂ ਦੋ ਜਣਿਆਂ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿਤਾ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਨਿੱਜਰ ਕਤਲਕਾਂਡ ਵਿਚ ਭਾਰਤੀ ਅਧਿਕਾਰੀਆਂ ਦੀ ਕਥਿਤ ਸ਼ਮੂਲੀਅਤ ਦਾ ਦੋਸ਼ ਲਾ ਚੁੱਕੇ ਹਨ ਪਰ ਹਾਲ ਹੀ ਵਿਚ ਵਿਦੇਸ਼ੀ ਦਖਲ ਬਾਰੇ ਜਨਤਕ ਪੜਤਾਲ ਕਮਿਸ਼ਨ ਵੱਲੋਂ ਜਾਰੀ ਰਿਪੋਰਟ ਮੁਤਾਬਕ ਇਸ ਮਾਮਲੇ ਵਿਚ ਵਿਦੇਸ਼ੀ ਦਖਲ ਦੇ ਠੋਸ ਸਬੂਤ ਨਹੀਂ ਮਿਲੇ।

ਆਈ ਹਿਟ ਵੱਲੋਂ ਕਰਨਪ੍ਰੀਤ ਸਿੰਘ, ਕਮਲਪ੍ਰੀਤ ਸਿੰਘ, ਕਰਨ ਬਰਾੜ ਅਤੇ ਅਮਨਦੀਪ ਸਿੰਘ ਵਿਰੁੱਧ ਕਤਲ ਅਤੇ ਕਤਲ ਦੀ ਸਾਜ਼ਿਸ਼ ਘੜਨ ਦੇ ਦੋਸ਼ ਲਾਏ ਗਏ ਹਨ। ਦੱਸ ਦੇਈਏ ਕਿ ਕਿ ਭਾਰਤ ਦੀ ਕੌਮੀ ਜਾਂਚ ਏਜੰਸੀ ਵੱਲੋਂ ਹਰਦੀਪ ਸਿੰਘ ਨਿੱਜਰ ਨੂੰ 40 ਅਤਿਵਾਦੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਬਰੈਂਪਟਨ ਵਿਖੇ ਪਿਛਲੇ ਸਮੇਂ ਦੌਰਾਨ ਖਾਲਿਸਤਾਨ ਬਾਰੇ ਹੋਈ ਰਾਏਸ਼ੁਮਾਰੀ ਵਿਚ ਨਿੱਜਰ ਦਾ ਵੱਡਾ ਹੱਥ ਦੱਸਿਆ ਜਾ ਰਿਹਾ ਹੈ। ਐਨ.ਆਈ. ਏ. ਵੱਲੋਂ ਹਰਦੀਪ ਸਿੰਘ ਨਿੱਜਰ ਦੀ ਮੌਤ ਦਾ ਸਰਟੀਫ਼ਿਕੇਟ ਮੰਗਿਆ ਗਿਆ ਪਰ ਕੈਨੇਡਾ ਸਰਕਾਰ ਵੱਲੋਂ ਇਸ ਦਾ ਠੋਸ ਕਾਰਨ ਮੰਗਿਆ ਜਾ ਰਿਹਾ ਹੈ ਅਤੇ ਫ਼ਿਲਹਾਲ ਹਾਲਾਤ ਉਲਝੇ ਹੋਏ ਨਜ਼ਰ ਆ ਰਹੇ ਹਨ।

# ਪੇਜ ਇੱਕ ਦੀ ਬਾਕੀ

## ਯੂ.ਕੇ ਵੱਲੋਂ 19000...

'ਤੇ ਛਾਪੇ ਮਾਰੇ ਹਨ, ਜੋ ਪਿਛਲੇ ਸਾਲ ਦੇ ਮੁਕਾਬਲੇ 48 ਫੀਸਦ ਵਧ ਹਨ। ਇਨ੍ਹਾਂ ਛਾਪਿਆਂ ਦੌਰਾਨ 609 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉੱਤਰੀ ਇੰਗਲੈਂਡ ਦੇ ਹੰਬਰਸਾਈਡ ਵਿਚ ਇਕ ਭਾਰਤੀ ਰੈਸਟੋਰੈਂਟ 'ਤੇ ਮਾਰੇ ਛਾਪੇ ਦੌਰਾਨ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਤੇ ਚਾਰ ਜਣਿਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਲੇਬਰ ਪਾਰਟੀ ਨੇ ਗੈਰਕਾਨੂੰਨੀ ਪਰਵਾਸੀਆਂ ਖਿਲਾਫ਼ ਸ਼ਿਕੰਜਾ ਅਜਿਹੇ ਮੌਕੇ ਕੱਸਿਆ ਹੈ ਜਦੋਂ ਪਾਰਟੀ ਵੱਲੋਂ ਪੇਸ਼ ਬਾਰਡਰ ਸੁਰੱਖਿਆ, ਅਸਾਈਲਮ ਤੇ ਇਮੀਗ੍ਰੇਸ਼ਨ ਬਿੱਲ ਇਸ ਹਫ਼ਤੇ ਦੂਜੀ ਨਜ਼ਰਸਾਨੀ ਲਈ ਸੰਸਦ ਵਿਚ ਆਇਆ ਹੈ। ਇਸ ਨਵੇਂ ਕਾਨੂੰਨ ਦਾ ਮੁੱਖ ਮੰਤਵ 'ਅਪਰਾਧਕ ਗਰੋਹਾਂ ਨਾਲ ਸਿੱਝਣਾ' ਹੈ।

ਪ੍ਰਧਾਨ ਮੰਤਰੀ ਕੀਰ ਸਟਾਰਮਰ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇਨ੍ਹਾ ਅਪਰਾਧਿਕ ਗਰੋਹਾਂ ਨੇ ਸਰਹੱਦੀ ਸੁਰੱਖਿਆ ਨੂੰ ਕਮਜ਼ੋਰ ਕੀਤਾ ਹੈ। ਗੈਰਕਾਨੂੰਨੀ ਪਰਵਾਸੀਆਂ ਖਿਲਾਫ਼ ਵਿੱਢੀ ਕਾਰਵਾਈ ਤਹਿਤ ਰੁਜ਼ਗਾਰਦਾਤਿਆਂ ਨੂੰ ਕੁੱਲ 1090 ਸਿਵਲ ਪੈਨਲਟੀ ਨੋਟਿਸ ਭੇਜੇ ਗਏ ਹਨ ਤੇ ਪ੍ਰਤੀ ਵਰਕਰ 60,000 ਪੌਂਡ ਦਾ ਜੁਰਮਾਨਾ ਲਾਉਣ ਦੀ ਚੇਤਾਵਨੀ ਦਿੱਤੀ ਗਈ ਹੈ। ਸਟਾਰਮਰ ਸਰਕਾਰ ਨੇ ਜਨਵਰੀ ਵਿਚ ਦਾਅਵਾ ਕੀਤਾ ਸੀ ਕਿ ਉਸ ਨੇ ਵਿਦੇਸ਼ੀ ਅਪਰਾਧੀਆਂ ਅਤੇ ਇਮੀਗ੍ਰੇਸ਼ਨ ਅਪਰਾਧੀਆਂ ਨੂੰ ਹਟਾਉਣ ਦੇ ਆਪਣੇ ਟੀਚੇ ਨੂੰ 2018 ਤੋਂ ਬਾਅਦ ਸਭ ਤੋਂ ਉੱਚੇ ਪੱਧਰ 'ਤੇ ਪਹੁੰਚਾ ਦਿੱਤਾ ਹੈ। ਜੁਲਾਈ 2024 ਦੀਆਂ ਆਮ ਚੋਣਾਂ ਤੋਂ ਬਾਅਦ 16,400 ਗੈਰਕਾਨੂੰਨੀ ਪਰਵਾਸੀਆਂ ਦੀ ਪਛਾਣ ਕੀਤੀ ਗਈ ਹੈ।

## ਅਮਰੀਕਾ 'ਚੋਂ ਕੱਢੇ ਜਾਣਗੇ...

180 ਹੋਰ ਭਾਰਤੀ ਕੱਢੇ ਜਾਣਗੇ। ਅਮਰੀਕੀ ਜਹਾਜ਼ 15 ਫ਼ਰਵਰੀ ਨੂੰ ਭਾਰਤੀਆਂ ਲੈ ਕੇ ਪਹੁੰਚ ਸਕਦਾ ਹੈ। ਪਹਿਲੀ ਫ਼ਲਾਈਟ ਦੀ ਤਰ੍ਹਾਂ ਹੀ ਇਸ ਫ਼ਲਾਈਟ ਨੂੰ ਵੀ ਅੰਮ੍ਰਿਤਸਰ ਏਅਰਪੋਰਟ 'ਤੇ ਹੀ ਲੈਂਡ ਕਰਵਾਇਆ ਜਾਵੇਗਾ ਤੇ ਉੱਥੋਂ ਚੈਕਿੰਗ ਮਗਰੋਂ ਸਾਰਿਆਂ ਨੂੰ ਆਪੋ-ਆਪਣੇ ਸੂਬਿਆਂ ਵੱਲ ਭੇਜ ਦਿੱਤਾ ਜਾਵੇਗਾ। ਹਾਲਾਂਕਿ ਇਸ ਬਾਰੇ ਅਜੇ ਤਕ ਕੋਈ ਅਧਿਕਾਰਤ ਤੌਰ 'ਤੇ ਬਿਆਨ ਸਾਹਮਣੇ ਨਹੀਂ ਆਇਆ ਹੈ। ਦੱਸ ਦੇਈਏ ਕਿ ਪਹਿਲਾਂ 5 ਫ਼ਰਵਰੀ ਨੂੰ 30 ਪੰਜਾਬੀਆਂ ਸਣੇ 104 ਭਾਰਤੀਆਂ ਵਤਨ ਵਾਪਸੀ ਹੋਈ ਸੀ।

## PM ਮੋਦੀ ਦਾ ਅਮਰੀਕਾ...

ਉਨ੍ਹਾਂ ਦੀ ਨਿਯੁਕਤੀ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ। ਪੀਐੱਮ ਮੋਦੀ ਅੱਜ ਰਾਤ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਗੱਲਬਾਤ ਕਰਨਗੇ। ਡੋਨਾਲਡ ਟਰੰਪ ਨਾਲ ਮੁਲਾਕਾਤ ਦੌਰਾਨ ਵਪਾਰ, ਰੱਖਿਆ, ਊਰਜਾ ਸਣੇ ਕਈ ਖੇਤਰਾਂ ਵਿਚ ਆਪਸੀ ਸਹਿਯੋਗ ਵਧਾਉਣ 'ਤੇ ਚਰਚਾ ਕਰਨਗੇ। ਇਸ ਦੇ ਬਾਅਦ ਬਿਜ਼ਨੈੱਸ ਲੀਡਰ ਨੂੰ ਵੀ ਮਿਲਣਗੇ।

ਅਮਰੀਕਾ ਪਹੁੰਚਣ ਦੇ ਬਾਅਦ ਪੀਐੱਮ ਮੋਦੀ ਨੇ ਦੱਸਿਆ ਸੀ ਕਿ ਉਹ ਵਾਸ਼ਿੰਗਟਨ ਪਹੁੰਚ ਚੁੱਕੇ ਹਨ। ਨਾਲ ਹੀ ਉਨ੍ਹਾਂ ਨੇ ਡੋਨਾਲਡ ਟਰੰਪ ਨਾਲ ਮੁਲਾਕਾਤ ਨੂੰ ਲੈ ਕੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਲਿਖਿਆ ਸੀ-'ਕੁਝ ਸਮਾਂ ਪਹਿਲਾਂ ਹੀ ਵਾਸ਼ਿੰਗਟਨ ਡੀਸੀ ਪਹੁੰਚਿਆ ਹਾਂ। ਅਮਰੀਕੀ ਰਾਸ਼ਟਪਤੀ ਡੋਨਾਲਡਟਰੰਪ ਨਾਲ ਮਿਲਣਤੇ ਭਾਰਤ-ਅਮਰੀਕਾ ਵਿਆਪਕ ਵਿਸ਼ਵ ਰਣਨੀਤਕ ਸਾਂਝੇਦਾਰੀ ਨੂੰ ਅੱਗੇ ਵਧਾਉਣ ਲਈ ਉਤਸੁਕ ਹਾਂ। ਸਾਡੇ ਦੇਸ਼ ਆਪਣੇ ਲੋਕਾਂ ਦੇ ਫਾਇਦੇ ਤੇ ਸਾਡੇ ਬੇਹਤਰ ਭਵਿੱਖ ਲਈ ਮਿਲ ਕੇ ਕੰਮ ਕਰਦੇ ਰਹਿਣਗੇ।

ਦੱਸ ਦੇਈਏ ਕਿ ਪੀਐੱਮ ਮੋਦੀ ਬੁੱਧਵਾਰ ਨੂੰ ਫਰਾਂਸ ਦੇ ਮਾਰਸੇਈ ਤੋਂ ਅਮਰੀਕਾ ਲਈ ਰਵਾਨਾ ਹੋਏ ਸਨ। ਇਹ ਉਨ੍ਹਾਂ ਦੀ ਦੋ ਦਿਨਾ ਦੀ ਯਾਤਰਾ ਦਾ ਦੂਜਾ ਪੜਾਅ ਹੈ। ਉਹ 10 ਫਰਵਰੀ ਨੂੰ ਫਰਾਂਸ ਪਹੁੰਚੇ ਸਨ। ਅੱਜ ਹੋਣ ਵਾਲੀ ਪੀਐੱਮ ਮੋਦੀ ਤੇ ਟਰੰਪ ਦੀ ਬੈਠਕ ਵਿਚ ਕਈ ਦੋ-ਪੱਖੀ ਮੁੱਦਿਆਂ 'ਤੇ ਚਰਚਾ ਹੋਣ ਦੀ ਉਮੀਦ ਹੈ। ਵਿਦੇਸ਼ ਨੀਤੀ 'ਤੇ ਨਜ਼ਰ ਰੱਖਣ ਵਾਲੇ ਮਾਹਿਰਾਂ ਨੇ ਸੰਕੇਤ ਦਿੱਤਾ ਹੈ ਕਿ ਕੁਝ ਸੰਵੇਦਨਸ਼ੀਲ ਮੁੱਦਿਆਂ 'ਤੇ ਵੀ ਗੱਲਬਾਤ ਹੋ ਸਕਦੀ ਹੈ।

## 27 ਧਾਰਮਿਕ ਸਮੂਹਾਂ ਵੱਲੋਂ...

ਸੰਘੀ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਹੈ, ਜਿਸ ਵਿੱਚ ਇਮੀਗ੍ਰੇਸ਼ਨ ਏਜੰਟਾਂ ਨੂੰ ਧਾਰਮਿਕ ਸਥਾਨਾਂ ਤੇ ਪੂਜਾ ਘਰਾਂ ਵਿੱਚ ਗ੍ਰਿਫਤਾਰੀਆਂ ਕਰਨ ਲਈ ਵਧੇਰੇ ਖੁੱਲ੍ਹਾਂ ਦਿੱਤੀਆਂ ਗਈਆਂ ਹਨ। ਵਾਸ਼ਿੰਗਟਨ ਵਿੱਚ ਯੂਐਸ ਜ਼ਿਲ੍ਹਾ ਅਦਾਲਤ ਵਿੱਚ ਦਾਇਰ ਕੀਤੇ ਗਏ ਮੁਕੱਦਮੇ ਵਿੱਚ ਦਲੀਲ ਦਿੱਤੀ ਗਈ ਹੈ ਕਿ ਨਵੀਂ ਨੀਤੀ ਛਾਪਿਆਂ ਦਾ ਡਰ ਫੈਲਾ ਰਹੀ ਹੈ, ਇਸ ਤਰ੍ਹਾਂ ਪੂਜਾ ਸੇਵਾਵਾਂ ਅਤੇ ਹੋਰ ਕੀਮਤੀ ਚਰਚ ਪ੍ਰੋਗਰਾਮਾਂ ਵਿੱਚ ਹਾਜ਼ਰੀ ਘਟ ਰਹੀ ਹੈ। ਮੁਕੱਦਮੇ ਵਿਚ ਕਿਹਾ ਗਿਆ ਹੈ ਕਿ ਸਿੱਟੇ ਵਜੋਂ ਇਹ ਕਾਰਵਾਈ ਸਮੂਹਾਂ ਦੀ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਦੀ ਹੈ ਅਤੇ ਪਰਵਾਸੀਆਂ ਦੀ ਸੇਵਾ ਕਰਨ ਦੀ ਉਨ੍ਹਾਂ (ਧਾਰਮਿਕ ਸਥਾਨਾਂ) ਦੀ ਯੋਗਤਾ ਵਿਚ ਅੜਿੱਕਾ ਡਾਹੁੰਦੀ ਹੈ, ਜਦੋਂਕਿ ਅਜਿਹੇ ਪਰਵਾਸੀ ਵੀ ਸ਼ਾਮਲ ਹਨ, ਜਿਹੜੇ ਅਮਰੀਕਾ ਵਿਚ ਵਿੱਚ ਗੈਰ-ਕਾਨੂੰਨੀ ਤੌਰ 'ਤੇ ਆਏ ਹੋਏ ਹਨ।

ਐਪੀਸਕੋਪਲ ਚਰਚ ਦੇ ਪ੍ਰਧਾਨ ਬਿਸ਼ਪ, ਮੋਸਟ ਰੈਵ ਸੀਨ ਰੋਅ ਨੇ ਕਿਹਾ, "ਸਾਡੇ ਕੋਲ ਅਜਿਹੇ ਪਰਵਾਸੀ ਤੇ ਸ਼ਰਨਾਰਥੀ, ਜਿਨ੍ਹਾਂ ਵਿਚੋਂ ਬਹੁਤ ਸਾਰੇ ਦਸਤਾਵੇਜ਼ਾਂ ਵਾਲੇ ਕਾਨੂੰਨੀ ਤੇ ਬਹੁਤ ਸਾਰੇ ਬਿਨਾਂ ਦਸਤਾਵੇਜ਼ਾ ਵਾਲੇ ਵੀ ਹਨ।" ਨਵੇਂ ਮੁਕੱਦਮੇ 'ਤੇ ਟਰੰਪ ਪ੍ਰਸ਼ਾਸਨ ਦਾ ਕੋਈ ਫ਼ੌਰੀ ਜਵਾਬ ਨਹੀਂ ਆਇਆ। ਇਸ ਮੁਕੱਦਮੇ ਵਿੱਚ ਹੋਮਲੈਂਡ ਸਿਕਿਓਰਿਟੀ ਵਿਭਾਗ ਅਤੇ ਇਸਦੀਆਂ ਇਮੀਗ੍ਰੇਸ਼ਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸਫ਼ਾਈ ਧਿਰ ਵਜੋਂ ਨਾਮਜ਼ਦ ਕੀਤਾ ਗਿਆ ਹੈ। ਹਾਲਾਂਕਿ, ਨਿਆਂ ਵਿਭਾਗ ਦੁਆਰਾ ਸ਼ੁੱਕਰਵਾਰ ਨੂੰ ਦਾਇਰ ਕੀਤੇ ਗਏ ਇੱਕ ਮੈਮੋਰੰਡਮ ਵਿੱਚ, ਕਵੇਕਰ ਮੁਕੱਦਮੇ ਦੀਆਂ ਦਲੀਲਾਂ ਦਾ ਵਿਰੋਧ ਕਰਦੇ ਹੋਏ, ਉਨ੍ਹਾਂ ਦਲੀਲਾਂ ਦੀ ਰੂਪਰੇਖਾ ਦਿੱਤੀ ਗਈ ਹੈ ਜੋ ਨਵੇਂ ਮੁਕੱਦਮੇ 'ਤੇ ਵੀ ਲਾਗੂ ਹੋ ਸਕਦੀਆਂ ਹਨ। ਪਹਿਲਾਂ 27 ਜਨਵਰੀ ਨੂੰ ਪੰਜ ਖੁਓਕਏਰ ਸਮੂਹਾਂ ਵੱਲੋਂ ਅਜਿਹਾ ਹੀ ਮੁਕੱਦਮਾ ਦਾਇਰ ਕੀਤਾ ਜਾ ਚੁੱਕਾ ਹੈ। ਬਾਅਦ ਵਿਚ ਉਹ ਮੁਕੱਦਮੇ ਵਿਚ ਕੋਆਪ੍ਰੇਟਵਿ ਬੈਪਟਿਸਟ ਫੈਲੋਸ਼ਿਪ ਅਤੇ ਇੱਕ ਗੁਰਦੁਆਰਾ ਕਮੇਟੀ ਵੀ ਹੋ ਗਈ ਦੱਸੀ ਜਾਂਦੀ ਹੈ।

## 1984 ਸਿੱਖ ਕਤਲੇਆਮ...

ਸਿੱਖ ਕਤਲੇਆਮ ਦੌਰਾਨ ਇੱਥੇ ਸਰਸਵਤੀ ਵਿਹਾਰ 'ਚ ਦੋ ਵਿਅਕਤੀਆਂ ਦੀ ਹੱਤਿਆ ਨਾਲ ਸਬੰਧਤ ਹੈ। ਦਿੱਲੀ ਦੰਗਿਆਂ ਦੌਰਾਨ 1 ਨਵੰਬਰ, 1984 ਨੂੰ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਤਰੁਣਦੀਪ ਸਿੰਘ ਦੀ ਹੱਤਿਆ ਨਾਲ ਸਬੰਧਤ ਮਾਮਲੇ 'ਚ ਆਖ਼ਰੀ ਦਲੀਲਾਂ ਸੁਣਨ ਮਗਰੋਂ ਅਦਾਲਤ ਨੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਹਾਲਾਂਕਿ ਸ਼ੁਰੂਆਤ 'ਚ ਕੇਸ ਪੰਜਾਬੀ ਬਾਗ਼ ਪੁਲੀਸ ਸਟੇਸ਼ਨ ਨੇ ਦਰਜ ਕੀਤਾ ਸੀ ਪਰ ਬਾਅਦ ਵਿਚ ਇੱਕ ਵਿਸ਼ੇਸ਼ ਜਾਂਚ ਟੀਮ ਨੇ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਸੀ। ਅਦਾਲਤ ਨੇ 16 ਦਸੰਬਰ, 2021 ਨੂੰ ਸੱਜਣ ਕੁਮਾਰ ਖ਼ਿਲਾਫ਼ ਦੋਸ਼ ਤੈਅ ਕੀਤੇ ਸਨ।

## ਕੈਨੇਡਾ ਦੇ ਸਾਬਕਾ ਪੰਜ...

"ਪਹਿਲਾਂ ਕਦੇ ਨਹੀਂ" ਵਾਂਗ ਮਾਣ ਨਾਲ ਮੈਪਲ ਲੀਫ ਲਹਿਰਾਉਣ ਦੀ ਅਪੀਲ ਕੀਤੀ। "ਆਓ ਦੁਨੀਆ ਨੂੰ ਦਿਖਾਉਂਦੇ ਹਾਂ ਕਿ ਸਾਨੂੰ ਆਪਣੇ ਇਤਿਹਾਸ 'ਤੇ ਮਾਣ ਹੈ ਅਤੇ ਸਾਡੇ ਦੇਸ਼ 'ਤੇ ਮਾਣ ਹੈ," ਉਨ੍ਹਾਂ ਨੇ ਬਿਆਨ ਵਿੱਚ ਕਿਹਾ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀਆਂ ਦਾ ਕਹਿਣਾ ਹੈ ਕਿ ਟਰੰਪ ਦੀਆਂ ਟੈਰਿਫ ਧਮਕੀਆਂ ਦੇ ਮੱਦੇਨਜ਼ਰ ਕੈਨੇਡੀਅਨ ਮਾਣ ਅਤੇ ਦੇਸ਼ ਭਗਤੀ ਵਿੱਚ "ਵਾਧਾ" ਆਇਆ ਹੈ।

ਜਦੋਂ ਕਿ ਟਰੰਪ ਦੀਆਂ ਕੈਨੇਡੀਅਨ ਆਯਾਤਾਂ 'ਤੇ ਟੈਰਿਫ ਵਧਾਉਣ ਦੀਆਂ ਯੋਜਨਾਵਾਂ ਘੱਟੋ-ਘੱਟ 4 ਮਾਰਚ ਤੱਕ ਰੋਕੀਆਂ ਹੋਈਆਂ ਹਨ, ਰਾਸ਼ਟਰਪਤੀ ਨੇ ਸੋਮਵਾਰ ਨੂੰ 12 ਮਾਰਚ ਤੋਂ ਸ਼ੁਰੂ ਹੋਣ ਵਾਲੇ ਸਾਰੇ ਸਟੀਲ ਅਤੇ ਐਲੂਮੀਨੀਅਮ ਆਯਾਤਾਂ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਲਈ ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕੀਤੇ ਹਨ। ਟਰੰਪ ਨੇ ਇਹ ਵੀ ਵਾਰ-ਵਾਰ ਕਿਹਾ ਹੈ ਕਿ ਉਹ ਚਾਹੁੰਦੇ ਹਨ ਕਿ ਕੈਨੇਡਾ ਇੱਕ ਅਮਰੀਕੀ ਰਾਜ ਬਣੇ ਅਤੇ ਅਜਿਹਾ ਕਰਨ ਲਈ ਆਰਥਿਕ ਦਬਾਅ ਦੀ ਵਰਤੋਂ ਕਰ ਸਕਦੇ ਹਨ।

ਆਪਣੇ ਬਿਆਨ ਵਿੱਚ, ਸਾਬਕਾ ਪ੍ਰਧਾਨ ਮੰਤਰੀਆਂ ਦਾ ਕਹਿਣਾ ਹੈ ਕਿ ਕੈਨੇਡੀਅਨ ਦੇਸ਼ ਲਈ "ਆਪਣਾ ਪਿਆਰ ਪ੍ਰਗਟ ਕਰਨ" ਅਤੇ "ਕੈਨੇਡਾ ਦੀਆਂ ਕਦਰਾਂ-ਕੀਮਤਾਂ ਅਤੇ ਆਜ਼ਾਦੀ ਦੀ ਰੱਖਿਆ ਕਰਨ ਲਈ ਆਪਣੇ ਦ੍ਰਿੜ ਇਰਾਦੇ" ਲਈ ਇਕੱਠੇ ਹੋਣ। "ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਹੋਣ ਦੇ ਨਾਤੇ, ਅਸੀਂ ਇਸ ਰਾਸ਼ਟਰੀ ਭਾਵਨਾ ਦੀ ਸ਼ਲਾਘਾ ਕਰਦੇ ਹਾਂ," ਬਿਆਨ ਵਿੱਚ ਕਿਹਾ ਗਿਆ ਹੈ। "ਅਸੀਂ ਪੰਜ ਵੱਖ-ਵੱਖ ਪਾਰਟੀਆਂ ਤੋਂ ਆਏ ਹਾਂ। ਸਾਡੇ ਕੋਲ ਪਹਿਲਾਂ ਵੀ ਲੜਾਈਆਂ ਦਾ ਹਿੱਸਾ ਰਿਹਾ ਹੈ। ਪਰ ਅਸੀਂ ਸਾਰੇ ਇੱਕ ਗੱਲ 'ਤੇ ਸਹਿਮਤ ਹਾਂ: ਕੈਨੇਡਾ, ਸੱਚਾ ਉੱਤਰ, ਮਜ਼ਬੂਤ ਅਤੇ ਆਜ਼ਾਦ, ਦੁਨੀਆ ਦਾ ਸਭ ਤੋਂ ਵਧੀਆ ਦੇਸ਼, ਜਸ਼ਨ ਮਨਾਉਣ ਅਤੇ ਲੜਨ ਦੇ ਯੋਗ ਹੈ।"

ਕਲਾਰਕ ਅਤੇ ਕੈਂਪਬੈਲ ਦੋਵਾਂ ਨੇ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਆਫ਼ ਕੈਨੇਡਾ, ਕ੍ਰੇਟੀਅਨ ਅਤੇ ਮਾਰਟਿਨ ਦ ਲਿਬਰਲਜ਼ ਅਤੇ ਹਾਰਪਰ ਦ ਕੰਜ਼ਰਵੇਟਿਵ ਪਾਰਟੀ ਆਫ਼ ਕੈਨੇਡਾ ਦੀ ਨੁਮਾਇੰਦਗੀ ਕੀਤੀ। ਕੈਨੇਡੀਅਨ ਵਿਰਾਸਤ ਮੰਤਰੀ ਪਾਸਕਲ ਸੇਂਟ-ਓਂਜ ਨੇ ਵੀ ਕੈਨੇਡੀਅਨਾਂ ਨੂੰ ਝੰਡਾ ਦਿਵਸ ਦੇ ਜਸ਼ਨਾਂ ਵਿੱਚ ਹਿੱਸਾ ਲੈਣ ਲਈ ਕਿਹਾ। "ਇਸ ਸਾਲ, ਪਹਿਲਾਂ ਨਾਲੋਂ ਕਿਤੇ ਜ਼ਿਆਦਾ, ਸਾਨੂੰ ਨਾ ਸਿਰਫ਼ ਆਪਣੇ ਝੰਡੇ ਦਾ ਜਸ਼ਨ ਮਨਾਉਣਾ ਹੈ, ਸਗੋਂ ਆਪਣੇ ਆਪ ਨੂੰ ਯਾਦ ਦਿਵਾਉਣਾ ਹੈ ਕਿ ਇਹ ਕੀ ਦਰਸਾਉਂਦਾ ਹੈ: ਸਾਡੇ ਮੁੱਲ, ਸਾਡੀ ਲਚਕਤਾ ਅਤੇ ਸਾਡੀ ਪ੍ਰਭੂਸੱਤਾ," ਸੇਂਟ-ਓਂਜ ਨੇ ਮੰਗਲਵਾਰ ਨੂੰ ਇੱਕ ਨਿਊਜ਼ ਰਿਲੀਜ਼ ਵਿੱਚ ਕਿਹਾ।

ਮੰਤਰੀ ਨੇ ਕਿਹਾ ਕਿ "ਬਾਹਰੀ ਆਰਥਿਕ ਦਬਾਅ" ਦੇ ਸਾਹਮਣੇ ਰਾਸ਼ਟਰੀ ਮਾਣ ਦੇ ਜਨਤਕ ਪ੍ਰਦਰਸ਼ਨ ਵਧੇਰੇ ਪ੍ਰਮੁੱਖ ਹੋ ਗਏ ਹਨ। "ਏਕਤਾ ਅਤੇ ਰਾਸ਼ਟਰੀ ਪਛਾਣ ਦੀ ਵਧਦੀ ਭਾਵਨਾ ਝੰਡੇ ਦੀ ਵਰ੍ਹੇਗੰਢ ਮਨਾਉਣ ਲਈ ਕੈਨੇਡੀਅਨਾਂ ਨੂੰ ਸ਼ਾਮਲ ਕਰਨ ਦਾ ਇੱਕ ਮੌਕਾ ਹੈ," ਸੇਂਟ-ਓਂਜ ਨੇ ਕਿਹਾ। ਕੰਜ਼ਰਵੇਟਿਵ ਲੀਡਰ ਪੀਅਰੇ ਪੋਇਲੀਵਰ ਨੇ ਮੰਗਲਵਾਰ ਨੂੰ ਐਕਸ ਤੇ ਇੱਕ ਵੀਡੀਓ ਪੋਸਟ ਕੀਤਾ ਜਿਸ ਵਿੱਚ ਕੈਨੇਡੀਅਨਾਂ ਨੂੰ "ਝੰਡਾ ਉੱਚਾ ਕਰਨ" ਲਈ ਕਿਹਾ ਗਿਆ।

ਪੋਇਲੀਵਰ ਨੇ ਕਿਹਾ ਕਿ "ਟੈਰਿਫ ਅਤੇ ਹੋਰ ਅਪਮਾਨਾਂ" ਦੀ ਧਮਕੀ ਦੇ ਨਾਲ, ਕੈਨੇਡੀਅਨ ਪਹਿਲਾਂ ਕਦੇ ਨਾ ਕੀਤੇ ਗਏ ਤਰੀਕੇ ਨਾਲ ਇੱਕਜੁੱਟ ਹੋ ਰਹੇ ਹਨ। ਉਸਨੇ ਸਾਰੇ ਕੈਨੇਡੀਅਨਾਂ ਨੂੰ ਇੱਕ ਝੰਡਾ ਲੈਣ, ਇਸਨੂੰ ਇੱਕ ਝੰਡੇ 'ਤੇ ਲਗਾਉਣ ਅਤੇ "ਆਪਣੇ ਰੰਗ ਦਿਖਾਉਣ" ਲਈ ਉਤਸ਼ਾਹਿਤ ਕੀਤਾ। "ਸਾਨੂੰ ਇਸ ਦੇਸ਼ 'ਤੇ ਬਹੁਤ ਮਾਣ ਹੈ, ਅਸੀਂ ਕਦੇ ਵੀ 51ਵਾਂ ਰਾਜ ਨਹੀਂ ਬਣਾਂਗੇ, ਅਸੀਂ ਹਮੇਸ਼ਾ ਇੱਕ ਮਜ਼ਬੂਤ, ਸਵੈ-ਨਿਰਭਰ, ਪ੍ਰਭੂਸੱਤਾ ਸੰਪੰਨ ਦੇਸ਼ ਰਹਾਂਗੇ, ਇਸ ਲਈ ਆਓ ਝੰਡਾ ਉੱਚਾ ਕਰਕੇ ਉਹ ਸੁਨੇਹਾ ਦਿਖਾਈਏ," ਪੋਇਲੀਵਰ ਨੇ ਕਿਹਾ। ਐਕਸ ਤੇ ਮੰਗਲਵਾਰ ਨੂੰ ਇੱਕ ਪੋਸਟ ਵਿੱਚ, ਲਿਬਰਲ ਲੀਡਰਸ਼ਿਪ ਉਮੀਦਵਾਰ ਮਾਰਕ ਕਾਰਨੀ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀਆਂ ਵੱਲੋਂ "ਏਕਤਾ ਅਤੇ ਲੀਡਰਸ਼ਿਪ ਦਾ ਪ੍ਰਦਰਸ਼ਨ" ਦੇਖਣਾ ਬਹੁਤ ਵਧੀਆ ਹੈ, ਇਹ ਵੀ ਕਿਹਾ ਕਿ "ਕੈਨੇਡਾ ਸਾਡੀ ਰਾਜਨੀਤੀ ਨਾਲੋਂ ਬਹੁਤ ਵੱਡਾ ਹੈ।"

## ਉੱਤਰੀ ਅਫ਼ਗਾਨਿਸਤਾਨ 'ਚ...

ਪੁਲਿਸ ਬੁਲਾਰੇ ਜੁਮਾਉਦੀਨ ਖਾਕਸਰ ਨੇ ਕਿਹਾ ਕਿ ਇਹ ਹਮਲਾ ਕੁੰਦੁਜ਼ ਸੂਬੇ ਵਿਚ ਕਾਬੁਲ ਬੈਂਕ ਦੀ ਇਕ ਬ੍ਰਾਂਚ ਦੇ ਨੇੜੇ ਹੋਇਆ। ਮ੍ਰਿਤਕਾਂ ਵਿਚ ਬੈਂਕ ਦਾ ਇਕ ਗਾਰਡ ਵੀ ਸ਼ਾਮਲ ਹੈ। ਕਿਸੇ ਨੇ ਵੀ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ ਅਤੇ ਖਾਕਸਰ ਨੇ ਕਿਹਾ ਕਿ ਪੁਲਿਸ ਹਮਲੇ ਦੀ ਸਾਜ਼ਸ਼ ਰਚਣ ਵਾਲਿਆਂ ਦਾ ਪਤਾ ਲਗਾਉਣ ਲਈ ਕੰਮ ਕਰ ਰਹੀ ਹੈ। ਖਾਕਸਰ ਨੇ ਕੋਈ ਹੋਰ ਵੇਰਵੇ ਨਹੀਂ ਦਿਤੇ। ਅਤੀਤ ਵਿਚ ਇਸਲਾਮਿਕ ਸਟੇਟ ਸਮੂਹ ਦੇ ਅਤਿਵਾਦੀਆਂ ਨੇ ਪੂਰੇ ਅਫ਼ਗ਼ਾਨਿਸਤਾਨ ਵਿਚ ਬੰਬ ਧਮਾਕੇ ਕੀਤੇ ਹਨ, ਹਾਲਾਂਕਿ ਅਗੱਸਤ 2021 ਵਿਚ ਤਾਲਿਬਾਨ ਦੇ ਸੱਤੇ ਉਤੇ ਕਾਬਜ਼ ਹੋਣ ਤੋਂ ਬਾਅਦ ਆਤਮਘਾਤੀ ਹਮਲੇ ਬੇਹਦ ਘੱਟ ਗਏ ਹਨ।

## ਮੈਂ ਕੈਨੇਡਾ ਨੂੰ ਅਮਰੀਕਾ...

ਡਾਲਰ ਦੀ ਸਬਸਿਡੀ ਕਿਉਂ ਦੇ ਰਹੇ ਹਾਂ? ਡੋਨਾਲਡ ਟਰੰਪ ਨੇ ਵਾਰ-ਵਾਰ ਸੁਝਾਅ ਦਿੱਤਾ ਹੈ ਕਿ ਇਹ ਬਿਹਤਰ ਹੋਵੇਗਾ ਜੇਕਰ ਕੈਨੇਡਾ 51ਵਾਂ ਅਮਰੀਕੀ ਰਾਜ ਬਣਨ ਲਈ ਸਹਿਮਤ ਹੋ ਜਾਵੇ - ਇੱਕ ਅਜਿਹੀ ਸੰਭਾਵਨਾ ਜੋ ਕੈਨੇਡੀਅਨਾਂ ਵਿੱਚ ਬਹੁਤ ਹੀ ਅਲੋਕਪ੍ਰਿਯ ਹੈ। ਇਸ ਤੋਂ ਪਹਿਲਾਂ, ਕੈਨੇਡੀਅਨ ਪ੍ਰਧਾਨ ਮੰਤਰੀ ਨੇ ਸ਼ੁੱਕਰਵਾਰ ਨੂੰ ਕਾਰੋਬਾਰੀ ਆਗੂਆਂ ਨਾਲ ਬੰਦ ਕਮਰੇ ਵਿੱਚ ਹੋਈ ਮੀਟਿੰਗ ਦੌਰਾਨ ਕਿਹਾ ਸੀ ਕਿ ਟਰੰਪ ਦੀ ਕੈਨੇਡਾ ਨੂੰ 51ਵਾਂ ਅਮਰੀਕੀ ਰਾਜ ਬਣਾਉਣ ਦੀ ਗੱਲ ਸੱਚੀ ਸੀ ਅਤੇ ਦੇਸ਼ ਦੇ ਕੁਦਰਤੀ ਸਰੋਤਾਂ ਤੱਕ ਪਹੁੰਚ ਦੀ ਇੱਛਾ ਨਾਲ ਜੁੜੀ ਹੋਈ ਸੀ।

ਕੈਨੇਡਾ ਦੇ ਜਨਤਕ ਪ੍ਰਸਾਰਕ ਸੀਬੀਸੀ ਦੇ ਅਨੁਸਾਰ, ਟਰੂਡੋ ਨੇ ਕਿਹਾ, "ਅਮਰੀਕੀ ਰਾਸ਼ਟਰਪਤੀ ਦੇ ਮਨ ਵਿੱਚ ਇਹ ਹੈ ਕਿ ਅਜਿਹਾ ਕਰਨ ਦਾ ਸਭ ਤੋਂ ਆਸਾਨ ਤਰੀਕਾ ਸਾਡੇ ਦੇਸ਼ ਨੂੰ ਆਪਣੇ ਵਿੱਚ ਸ਼ਾਮਲ ਕਰਨਾ ਹੈ ਅਤੇ ਇਹ ਇੱਕ ਅਸਲੀ ਗੱਲ ਹੈ। ਉਹ ਸਾਡੇ ਸਰੋਤਾਂ ਤੋਂ ਬਹੁਤ ਜਾਣੂ ਹਨ ਕਿ ਸਾਡੇ ਕੋਲ ਕੀ ਹੈ, ਅਤੇ ਉਹ ਉਨ੍ਹਾਂ ਤੋਂ ਲਾਭ ਉਠਾਉਣ ਦੇ ਯੋਗ ਹੋਣਾ ਚਾਹੁੰਦੇ ਹਨ।"

ਅਮਰੀਕੀ ਰਾਸ਼ਟਰਪਤੀ ਨੇ ਦਾਅਵਾ ਕੀਤਾ ਕਿ ਕੈਨੇਡਾ ਅਮਰੀਕਾ ਤੋਂ ਬਿਨਾਂ 'ਟਿੱਕ ਨਹੀਂ ਸਕਦਾ' ਅਤੇ ਉਸਨੂੰ ਅਮਰੀਕੀ ਸੁਰੱਖਿਆ 'ਤੇ ਨਿਰਭਰ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ, 'ਉਹ ਆਪਣੀ ਫੌਜ 'ਤੇ ਜ਼ਿਆਦਾ ਖਰਚ ਨਹੀਂ ਕਰਦੇ ਕਿਉਂਕਿ ਉਹ ਸੋਚਦੇ ਹਨ ਕਿ ਅਮਰੀਕਾ ਉਨ੍ਹਾਂ ਦੀ ਰੱਖਿਆ ਕਰੇਗਾ ਪਰ ਇਹ ਹੁਣ ਸੰਭਵ ਨਹੀਂ ਹੋਵੇਗਾ।'

## ਕੈਨੇਡਾ ਨੂੰ ਅਮਰੀਕਾ 'ਚ...

ਤੁਹਾਨੂੰ ਦੱਸ ਦੇਈਏ ਕਿ ਪਿਛਲੇ ਹਫ਼ਤੇ ਟਰੰਪ ਪ੍ਰਸ਼ਾਸਨ ਨੇ ਕੈਨੇਡਾ ਤੋਂ ਆਯਾਤ 'ਤੇ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ। ਇਸ ਜਵਾਬ ਵਿਚ ਕੈਨੇਡਾ ਨੇ 155 ਬਿਲੀਅਨ ਕੈਨੇਡੀਅਨ ਡਾਲਰ (107 ਬਿਲੀਅਨ ਡਾਲਰ) ਮੁੱਲ ਦੇ ਅਮਰੀਕੀ ਸਮਾਨ 'ਤੇ 25 ਫੀਸਦੀ ਟੈਰਿਫ ਲਗਾ ਦਿੱਤਾ। ਟਰੰਪ ਨੇ ਕਿਹਾ ਕਿ ਜੇਕਰ ਕੈਨੇਡਾ ਭਾਰੀ ਟੈਰਿਫਾਂ ਤੋਂ ਬਚਣਾ ਚਾਹੁੰਦਾ ਹੈ ਤਾਂ ਉਹ ਅਮਰੀਕਾ ਦਾ 51ਵਾਂ ਰਾਜ ਬਣ ਸਕਦਾ ਹੈ। ਹਾਲਾਂਕਿ, ਇਸ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਪ੍ਰਸਤਾਵਿਤ ਟੈਰਿਫ ਨੂੰ ਘੱਟੋ-ਘੱਟ 30 ਦਿਨਾਂ ਲਈ ਰੋਕ ਦਿੱਤਾ।

ਟਰੂਡੋ ਵੱਲੋਂ ਕੈਨੇਡੀਅਨ ਸਰਹੱਦ 'ਤੇ ਸੁਰੱਖਿਆ ਮਜ਼ਬੂਤ ਕਰਨ ਦੀ ਵਚਨਬੱਧਤਾ ਤੋਂ ਬਾਅਦ, ਟਰੰਪ ਨੇ ਪ੍ਰਸਤਾਵਿਤ ਟੈਰਿਫਾਂ ਨੂੰ ਘੱਟੋ-ਘੱਟ ਇੱਕ ਮਹੀਨੇ ਲਈ ਰੋਕਣ ਦਾ ਐਲਾਨ ਕੀਤਾ। ਟਰੰਪ ਨਾਲ ਗੱਲਬਾਤ ਤੋਂ ਬਾਅਦ, ਟਰੂਡੋ ਨੇ ਕਿਹਾ ਕਿ ਕੈਨੇਡਾ ਆਪਣੀ ਪਹਿਲਾਂ ਐਲਾਨੀ 1.3 ਬਿਲੀਅਨ ਡਾਲਰ ਦੀ ਸਰਹੱਦੀ ਯੋਜਨਾ ਨੂੰ ਲਾਗੂ ਕਰੇਗਾ। ਉਨ੍ਹਾਂ ਨੇ ਇਸ ਦੇ ਨਾਲ ਹੀ ਇੱਕ 'ਫੈਂਟਾਨਿਲ ਜ਼ਾਰ' ਨਿਯੁਕਤ ਕਰਨ ਅਤੇ ਡਰੱਗ ਕਾਰਟੈਲ ਨੂੰ ਅੱਤਵਾਦੀਆਂ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਵੀ ਵਚਨਬੱਧਤਾ ਪ੍ਰਗਟਾਈ। ਟਰੰਪ ਕਾਫ਼ੀ ਸਮੇਂ ਤੋਂ ਕੈਨੇਡਾ ਪ੍ਰਤੀ ਹਮਲਾਵਰ ਰਵੱਈਆ ਅਪਣਾ ਰਹੇ ਹਨ। ਉਹ ਕਈ ਵਾਰ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਬਾਰੇ ਗੱਲ ਕਰ ਚੁੱਕੇ ਹਨ। ਇੰਨਾ ਹੀ ਨਹੀਂ, ਕਈ ਮੌਕਿਆਂ 'ਤੇ ਉਨ੍ਹਾਂ ਨੇ ਜਸਟਿਨ ਟਰੂਡੋ ਨੂੰ 'ਕੈਨੇਡਾ ਦੇ ਮਹਾਨ ਰਾਜ ਦਾ ਗਵਰਨਰ' ਕਿਹਾ ਹੈ।









# ਅਮਰੀਕਾ ਵੱਲੋਂ ਸਰਹੱਦ 'ਤੇ ਜਾਸੂਸੀ ਜਹਾਜ਼ਾਂ ਦੀਆਂ ਉਡਾਨਾਂ ਵਧਾਈਆਂ ਗਈਆਂ



ਵਾਸ਼ਿੰਗਟਨ : ਅਮਰੀਕੀ ਫੌਜ ਵੱਲੋਂ ਪਿਛਲੇ ਦਿਨਾਂ ਦੌਰਾਨ ਦੱਖਣੀ ਸਰਹੱਦਾਂ 'ਤੇ ਆਧੁਨਿਕ ਜਾਸੂਸੀ ਜਹਾਜ਼ਾਂ ਦੀਆਂ ਉਡਾਣਾਂ ਵਧਾ ਦਿੱਤੀਆਂ ਗਈਆਂ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਰਹੱਦ 'ਤੇ ਫੌਜ ਅਤੇ ਸੁਰੱਖਿਆ ਦਸਤਿਆਂ ਦੀ ਗਿਣਤੀ ਪਹਿਲਾਂ ਹੀ ਵਧਾ ਦਿੱਤੀ ਗਈ ਸੀ, ਤਾਂਕਿ ਬਾਰਡਰ 'ਤੇ ਸਖਤ ਨਿਗਾਹ ਰੱਖੀ ਜਾ ਸਕੇ, ਕਿਸੇ ਵੀ ਅਣਅਧਿਕਾਰਤ ਘੁਸਪੈਠ ਨੂੰ ਰੋਕਿਆ ਜਾ ਸਕੇ ਅਤੇ ਇਥੋਂ ਹੁੰਦੀ ਨਸ਼ਿਆਂ ਦੀ ਸਮਗਲਿੰਗ ਨੂੰ ਵੀ ਠੱਲ੍ਹ ਪੈ ਸਕੇ। ਇਨ੍ਹਾਂ ਉਡਾਣਾਂ ਨੂੰ ਅਤਿ ਆਧੁਨਿਕ ਰਾਡਾਰ ਸਿਸਟਮ ਨਾਲ ਜੋੜਿਆ ਗਿਆ ਹੈ, ਤਾਂਕਿ ਉਤੋਂ ਭੇਜੇ ਗਏ ਚਿੱਤਰ ਅਤੇ ਸੰਕੇਤਾਂ ਦੀ ਖੁਫੀਆ ਜਾਣਕਾਰੀ ਇਕੱਠੀ ਕੀਤੀ ਜਾਵੇ। ਇਹ ਉਹ ਉਡਾਣਾਂ ਹਨ, ਜੋ ਅਮਰੀਕਾ ਵੱਲੋਂ ਆਮ ਤੌਰ 'ਤੇ ਕਿਸੇ ਦੇਸ਼ ਨਾਲ ਯੁੱਧ ਦੌਰਾਨ ਵਰਤੀਆਂ ਜਾਂਦੀਆਂ ਹਨ। ਇਸ ਬਾਰਡਰ 'ਤੇ ਅਮਰੀਕਾ ਵਾਲੇ ਪਾਸਿਓਂ ਤਿੰਨ ਸਟੇਟਾਂ ਲੱਗਦੀਆਂ ਹਨ, ਜਿਨ੍ਹਾਂ ਵਿਚ ਕੈਲੀਫੋਰਨੀਆ, ਫੀਨਿਕਸ ਅਤੇ ਟੈਕਸਾਸ ਸ਼ਾਮਲ ਹਨ। ਇਹ ਜਹਾਜ਼ ਮੈਕਸੀਕੋ ਦੇ ਅੰਦਰ ਤੱਕ ਡੂੰਘਾਈ ਨਾਲ ਖੁਫੀਆ ਜਾਣਕਾਰੀ ਇਕੱਠੀ ਕਰਨ ਦੇ ਸਮਰੱਥ ਹਨ। ਟਰੰਪ ਨੇ ਮੈਕਸੀਕੋ ਦੇ ਫੈਂਟਾਨਿਲ ਲੈਬਾਂ 'ਤੇ ਬੰਬ ਸੁੱਟਣ ਅਤੇ ਕਾਰਟੇਲ ਨੇਤਾਵਾਂ ਨੂੰ ਬਾਹਰ ਕੱਢਣ ਲਈ ਵਿਸ਼ੇਸ਼ ਬੱਲ ਭੇਜਣ ਦੀ ਧਮਕੀ ਦਿੱਤੀ ਹੈ। ਰਾਸ਼ਟਰਪਤੀ ਟਰੰਪ ਨੇ ਸਰਹੱਦ 'ਤੇ ਹਜ਼ਾਰਾਂ ਵਾਧੂ ਸਰਗਰਮ ਡਿਊਟੀ ਸੈਨਿਕਾਂ ਨੂੰ ਆਦੇਸ਼ ਦਿੱਤੇ ਹਨ ਕਿ ਬਾਰਡਰ ਤੋਂ ਆਉਣ ਵਾਲੇ ਕਿਸੇ ਵੀ ਗੈਰ ਕਾਨੂੰਨੀ ਪ੍ਰਵਾਸੀ ਨੂੰ ਰੋਕਿਆ ਜਾਵੇ। ਜ਼ਿਕਰਯੋਗ ਹੈ ਕਿ ਉਨ੍ਹਾਂ ਨੇ ਬਾਰਡਰ 'ਤੇ ਐਮਰਜੈਂਸੀ ਦਾ ਐਲਾਨ ਕੀਤਾ ਹੋਇਆ ਹੈ।

## ਸ੍ਰੀ ਦਰਬਾਰ ਸਾਹਿਬ ਦੇ ਜੋੜਾ ਘਰ 'ਚ ਸੇਵਾਦਾਰ ਦੀ ਹੋਈ ਮੌਤ

### ਦਿਲ ਦਾ ਦੌਰਾ ਪੈਣ ਕਾਰਨ ਗਈ ਜਾਨ



ਅੰਮ੍ਰਿਤਸਰ ਤੋਂ ਇੱਕ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਇੱਥੇ ਸ੍ਰੀ ਦਰਬਾਰ ਸਾਹਿਬ ਦੇ ਜੋੜਾ ਘਰ ਵਿੱਚ ਸੇਵਾ ਕਰ ਰਹੇ ਇੱਕ ਸੇਵਾਦਾਰ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ 38 ਸਾਲ ਦੇ ਬਲਵਿੰਦਰ ਸਿੰਘ ਉਰਫ਼ ਪ੍ਰਿੰਸ ਪੁੱਤਰ ਸਵ: ਅਨੂਪ ਸਿੰਘ ਵਾਸੀ ਨੇੜੇ ਤਾਰਾ ਵਾਲਾ ਪਲ ਅੰਮ੍ਰਿਤਸਰ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਬਲਵਿੰਦਰ ਸਿੰਘ ਆਪਣੇ ਪਰਿਵਾਰ ਦਾ ਇਕਲੌਤਾ ਸਹਾਰਾ ਸੀ। ਉਹ ਜਮੈਟੋ ਕੰਪਨੀ ਵਿੱਚ ਕਰਮਚਾਰੀ ਵਜੋਂ ਕੰਮ ਕਰਦਾ ਸੀ। ਕੰਪਨੀ ਵਿੱਚ ਕੰਮ ਕਰਨ ਤੋਂ ਬਾਅਦ ਉਹ ਦਰਬਾਰ ਸਾਹਿਬ ਦੇ ਜੋੜਾ ਘਰ ਵਿੱਚ ਸੇਵਾ ਕਰਦਾ ਸੀ। ਬੀਤੇ ਸ਼ਾਮ ਸੇਵਾ ਦੌਰਾਨ ਹਾਰਟ ਅਟੈਕ ਆਉਣ ਕਾਰਨ ਉਸ ਦੀ ਮੌਤ ਹੋ ਗਈ।

## ਮੋਦੀ ਵੱਲੋਂ ਅਮਰੀਕੀ ਇੰਟੈਲੀਜੈਂਸ ਮੁਖੀ ਗਬਾਰਡ ਨਾਲ ਮੁਲਾਕਾਤ, 'ਭਾਰਤ-ਅਮਰੀਕਾ ਦੋਸਤੀ' 'ਤੇ ਕੀਤੀ ਚਰਚਾ





ਵਾਸ਼ਿੰਗਟਨ : ਇੱਥੇ ਪਹੁੰਚਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਪਹਿਲੀ ਰਸਮੀ ਅਧਿਕਾਰਤ ਮੀਟਿੰਗ ਦੌਰਾਨ ਤੁਲਸੀ ਗਬਾਰਡ ਨਾਲ ਮੁਲਾਕਾਤ ਕੀਤੀ। ਬੁੱਧਵਾਰ ਰਾਤ ਨੂੰ ਮੁਲਾਕਾਤ ਤੋਂ ਬਾਅਦ ਪੀਐੱਮ ਮੋਦੀ ਨੇ 'ਐਕਸ' 'ਤੇ ਪੋਸਟ ਕਰਦਿਆਂ ਲਿਖਿਆ ''ਗਬਾਰਡ ਨੂੰ ਇਸ ਨਵੀਂ ਨਿਯੁਕਤੀ 'ਤੇ ਵਧਾਈ ਦਿੱਤੀ ਅਤੇ ਭਾਰਤ-ਅਮਰੀਕਾ ਦੋਸਤੀ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ।''

ਜ਼ਿਕਰਯੋਗ ਹੈ ਕਿ ਗਬਾਰਡ ਨੇ ਦੇਸ਼ ਦੀ ਚੋਟੀ ਦੀ ਇੰਟੈਲੀਜੈਂਸ ਨੌਕਰੀ ਲਈ ਬੁੱਧਵਾਰ ਨੂੰ ਸੈਨੇਟ ਦੇ ਵੋਟ ਜਿੱਤੇ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਤੋਂ ਕੁਝ ਘੰਟੇ ਪਹਿਲਾਂ ਸਹੁੰ ਚੁੱਕੀ। ਉਹ ਇੱਕ ਅਮਰੀਕੀ ਹਿੰਦੂ ਹੈ। ਉਹ ਪਹਿਲਾਂ ਵੀ ਕਈ ਵਾਰ ਪੀਐੱਮ ਮੋਦੀ ਨੂੰ ਮਿਲ ਚੁੱਕੀ ਹੈ। ਇਸ ਦੌਰਾਨ ਵਿਦੇਸ਼ ਮੰਤਰਾਲਾ (MEA) ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ ਕਿ ਬੁੱਧਵਾਰ ਦੀ ਮੀਟਿੰਗ ਦੌਰਾਨ ਹੋਈ ਚਰਚਾ ਅਤਿਵਾਦ ਵਿਰੋਧੀ, ਸਾਈਬਰ ਸੁਰੱਖਿਆ ਅਤੇ ਉੱਭਰ ਰਹੇ ਖਤਰਿਆਂ ਵਿੱਚ ਖੁਫੀਆ ਸਹਿਯੋਗ ਵਧਾਉਣ 'ਤੇ ਵੀ ਕੇਂਦਰਿਤ ਸੀ। ਪੀਐੱਮ ਮੋਦੀ ਬੁੱਧਵਾਰ ਸ਼ਾਮ ਕਰੀਬ 5:30 ਵਜੇ ਅਮਰੀਕਾ ਦੀ ਰਾਜਧਾਨੀ ਪਹੁੰਚੇ।

ਪ੍ਰਧਾਨ ਮੰਤਰੀ ਮੋਦੀ ਅਤੇ ਟਰੰਪ ਵੀਰਵਾਰ ਨੂੰ ਵ੍ਹਾਈਟ ਹਾਊਸ 'ਚ ਦੁਵੱਲੀ ਗੱਲਬਾਤ ਕਰਨਗੇ। ਪ੍ਰਧਾਨ ਮੰਤਰੀ ਮੋਦੀ ਨੇ 'ਐਕਸ' 'ਤੇ ਕਿਹਾ, ''ਸਾਡੇ ਦੇਸ਼ ਸਾਡੇ ਲੋਕਾਂ ਦੇ ਫਾਇਦੇ ਅਤੇ ਸਾਡੀ ਧਰਤੀ ਦੇ ਬਿਹਤਰ ਭਵਿੱਖ ਲਈ ਮਿਲ ਕੇ ਕੰਮ ਕਰਦੇ ਰਹਿਣਗੇ।''

# ਅਮਰੀਕਾ 'ਚ ਵਾਪਰਿਆ ਇਕ ਹੋਰ ਜਹਾਜ਼ ਹਾਦਸਾ



ਅਮਰੀਕਾ ਵਿਚ ਇਕ ਹੋਰ ਜਹਾਜ਼ ਹਾਦਸਾ ਵਾਪਰਿਆ ਹੈ, ਜਿੱਥੇ ਇਕ ਅਮਰੀਕੀ ਜਲ ਸੈਨਾ ਦਾ ਲੜਾਕੂ ਜਹਾਜ਼ ਹਾਦਸਾਗ੍ਰਸਤ ਹੋ ਕੇ ਸਮੁੰਦਰ ਵਿਚ ਡਿੱਗ ਗਿਆ। ਹਾਲਾਂਕਿ ਹਾਦਸੇ ਵਿਚ ਜਹਾਜ਼ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਸੀ, ਪਰ ਪਾਇਲਟ ਬਚ ਗਏ। ਮਛੇਰਿਆਂ ਅਤੇ ਤੱਟ ਰੱਖਿਅਕਾਂ ਦੀ ਮਦਦ ਨਾਲ, ਉਨ੍ਹਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ।

ਇਹ ਹਾਦਸਾ ਸੈਨ ਡਿਏਗੋ ਦੇ ਨੇੜੇ ਵਿਡਬੇ ਟਾਪੂ 'ਤੇ ਵਾਪਰਿਆ, ਜਿੱਥੇ ਇਕ ਅਮਰੀਕੀ ਨੇਵੀ EA-18G ਗ੍ਰੋਲਰ ਜੈੱਟ ਹਾਦਸਾਗ੍ਰਸਤ ਹੋ ਗਿਆ। ਇਹ ਪਿਛਲੇ ਚਾਰ ਮਹੀਨਿਆਂ ਵਿਚ ਵਿਡਬੇ ਆਈਲੈਂਡ 'ਤੇ ਅਮਰੀਕੀ ਜਲ ਸੈਨਾ ਦੇ ਏਅਰਬੈਸ 'ਤੇ ਦੂਜਾ ਹਾਦਸਾ ਹੈ, ਜਦਕਿ ਪਿਛਲੇ ਡੇਢ ਮਹੀਨਿਆਂ ਵਿਚ ਅਮਰੀਕੀ ਫ਼ੌਜ ਨਾਲ ਜੁੜਿਆ ਇਹ ਦੂਜਾ ਹਾਦਸਾ ਹੈ। ਜੈੱਟ ਜਹਾਜ਼ ਨੇ ਭਾਰਤੀ ਸਮੇਂ ਅਨੁਸਾਰ ਬੁਧਵਾਰ ਸਵੇਰੇ ਲਗਭਗ 10:15 ਵਜੇ ਉਡਾਣ ਭਰੀ, ਪਰ ਕੁੱਝ ਹੀ ਪਲਾਂ ਵਿਚ ਇਹ ਕੰਟਰੋਲ ਗੁਆ ਬੈਠਾ ਅਤੇ ਸੈਨ ਡਿਏਗੋ ਖਾੜੀ ਵਿਚ ਹਾਦਸਾਗ੍ਰਸਤ ਹੋ ਗਿਆ। ਦੋਵੇਂ ਕ੍ਰੂ ਮੈਂਬਰ ਸਮੇਂ ਸਿਰ ਬਾਹਰ ਨਿਕਲ ਗਏ ਅਤੇ ਪਾਣੀ ਵਿਚ ਡਿੱਗ ਗਏ, ਜਿੱਥੇ ਉਨ੍ਹਾਂ ਨੂੰ ਮਛੇਰਿਆਂ ਅਤੇ ਅਮਰੀਕੀ ਤੱਟ ਰੱਖਿਅਕਾਂ ਨੇ ਲਗਭਗ 10 ਮਿੰਟਾਂ ਦੇ ਅੰਦਰ ਬਚਾਇਆ। ਦੋਵੇਂ ਪਾਇਲਟਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਇਸ ਹਾਦਸੇ ਦੀ ਪੁਸ਼ਟੀ ਅਮਰੀਕੀ ਤੱਟ ਰੱਖਿਅਕ ਬਲ ਦੇ ਬੁਲਾਰੇ ਪੈਟੀ ਅਫ਼ਸਰ ਕ੍ਰਿਸਟੋਫਰ ਸੈਪੀ ਨੇ ਕੀਤੀ। ਏਪੀ ਰਿਪੋਰਟਾਂ ਦੇ ਅਨੁਸਾਰ, ਦੋ-ਸੀਟਾਂ ਵਾਲੇ ਜੈੱਟ ਨੂੰ ਇਲੈਕਟ੍ਰਾਨਿਕ ਅਟੈਕ ਸਕੁਐਡਰਨ (VAQ) 135 ਦੇ ਤਹਿਤ NAS ਵਿਡਬੇ ਆਈਲੈਂਡ ਵਿਖੇ 'ਬਲੈਕ ਰੇਵਨਜ਼' ਯੂਨਿਟ ਵਿਚ ਤਾਇਨਾਤ ਕੀਤਾ ਗਿਆ ਸੀ। ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਜਹਾਜ਼ ਕੈਲੀਫੋਰਨੀਆ ਕਿਉਂ ਗਿਆ। ਬੁਧਵਾਰ ਦੁਪਹਿਰ ਤਕ, ਇਸ ਦਾ ਮਲਬਾ ਖਾੜੀ ਦੇ ਅੰਦਰ ਹੀ ਰਿਹਾ। ਪਿਛਲੇ ਕੁੱਝ ਸਾਲਾਂ ਵਿਚ ਅਮਰੀਕਾ ਵਿਚ ਕਈ ਵੱਡੇ ਜਹਾਜ਼ ਹਾਦਸੇ ਹੋਏ ਹਨ। ਤੁਹਾਨੂੰ ਦਸ ਦਈਏ ਕਿ 29 ਜਨਵਰੀ, 2025 ਤੇ 12 ਨਵੰਬਰ, 2001 ਨੂੰ ਅਮਰੀਕਾ ਵਿਚ ਵੱਡੇ ਜਹਾਜ਼ ਹਾਦਸੇ ਹੋਏ ਸਨ। ਤਾਜ਼ਾ ਹਾਦਸੇ ਦੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਏ ਹਨ ਅਤੇ ਅਮਰੀਕੀ ਜਲ ਸੈਨਾ ਨੇ ਘਟਨਾ ਦੀ ਜਾਂਚ ਦੇ ਹੁਕਮ ਦੇ

# ਪ੍ਰਧਾਨ ਮੰਤਰੀ ਮੋਦੀ ਦੇ ਅਮਰੀਕਾ ਦੌਰੇ ਦਾ ਪ੍ਰੋਗਰਾਮ, ਪੀਐੱਮ ਮੋਦੀ 6 ਦੁਵੱਲੀਆਂ ਮੀਟਿੰਗਾਂ ਕਰਨ ਵਾਲੇ ਹਨ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋ ਦਿਨਾਂ ਦੇ ਅਮਰੀਕਾ ਦੌਰੇ ਲਈ ਪਹੁੰਚ ਗਏ ਹਨ। ਉਹ ਵੀਰਵਾਰ ਨੂੰ ਵਾਸ਼ਿੰਗਟਨ ਡੀਸੀ ਪਹੁੰਚੇ। ਅਮਰੀਕਾ ਪਹੁੰਚਣ 'ਤੇ, ਪ੍ਰਧਾਨ ਮੰਤਰੀ ਮੋਦੀ ਤੁਲਸੀ ਗੈਬਾਰਡ ਨੂੰ ਮਿਲੇ, ਜਿਨ੍ਹਾਂ ਨੂੰ ਅਮਰੀਕਾ ਦੀ ਰਾਸ਼ਟਰੀ ਖੁਫੀਆ ਏਜੰਸੀ ਦੀ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਇਸ ਦੌਰਾਨ ਭਾਰਤ-ਅਮਰੀਕਾ ਭਾਈਵਾਲੀ ਨੂੰ ਮਜ਼ਬੂਤ ਕਰਨ 'ਤੇ ਚਰਚਾ ਹੋਈ। ਆਪਣੀ 36 ਘੰਟੇ ਦੀ ਅਮਰੀਕਾ ਫੇਰੀ ਦੌਰਾਨ, ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਟਰੰਪ ਸਮੇਤ ਕਈ ਲੋਕਾਂ ਨਾਲ ਗੱਲਬਾਤ ਕਰਨਗੇ। ਪ੍ਰਧਾਨ ਮੰਤਰੀ ਮੋਦੀ 36 ਘੰਟਿਆਂ ਦੌਰਾਨ ਘੱਟੋ-ਘੱਟ ਛੇ ਦੁਵੱਲੀਆਂ ਮੀਟਿੰਗਾਂ ਕਰਨ ਵਾਲੇ ਹਨ। ਪ੍ਰਧਾਨ ਮੰਤਰੀ ਮੋਦੀ ਅਮਰੀਕੀ ਰਾਸ਼ਟਰਪਤੀ ਦੇ ਗੈਸਟ ਹਾਊਸ, ਬਲੇਅਰ ਹਾਊਸ ਵਿੱਚ ਠਹਿਰੇ ਹੋਏ ਹਨ, ਜੋ ਕਿ ਵ੍ਹਾਈਟ ਹਾਊਸ ਦੇ ਬਿਲਕੁਲ ਸਾਹਮਣੇ ਹੈ।

ਪ੍ਰਧਾਨ ਮੰਤਰੀ ਮੋਦੀ ਦੇ ਏਜੰਡੇ 'ਤੇ 6 ਦੁਵੱਲੀਆਂ ਮੀਟਿੰਗਾਂ ਹਨ

ਪ੍ਰਧਾਨ ਮੰਤਰੀ ਮੋਦੀ ਬੁੱਧਵਾਰ ਸ਼ਾਮ ਨੂੰ ਵਾਸ਼ਿੰਗਟਨ ਡੀਸੀ ਦੇ ਜੁਆਇੰਟ ਬੇਸ ਐਂਡਰਿਊਜ਼ 'ਤੇ ਉਤਰੇ।

ਪ੍ਰਧਾਨ ਮੰਤਰੀ ਮੋਦੀ ਵੀਰਵਾਰ ਸ਼ਾਮ 4 ਵਜੇ (ਅਮਰੀਕੀ ਸਮੇਂ ਅਨੁਸਾਰ) ਵ੍ਹਾਈਟ ਹਾਊਸ ਵਿਖੇ ਰਾਸ਼ਟਰਪਤੀ ਟਰੰਪ ਨਾਲ ਮੁਲਾਕਾਤ ਕਰਨਗੇ।

ਵੀਰਵਾਰ ਸ਼ਾਮ ਨੂੰ ਅਮਰੀਕਾ ਵਿੱਚ ਅਮਰੀਕੀ ਰਾਸ਼ਟਰਪਤੀ ਦੁਆਰਾ ਪ੍ਰਧਾਨ ਮੰਤਰੀ ਮੋਦੀ ਲਈ ਇੱਕ ਨਿੱਜੀ ਰਾਤ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਹੈ।

ਟਰੰਪ ਅਤੇ ਮੋਦੀ ਸ਼ੁੱਕਰਵਾਰ ਨੂੰ ਓਵਲ ਦਫ਼ਤਰ ਵਿੱਚ ਮੀਡੀਆ ਨੂੰ ਸੰਬੋਧਨ ਕਰਨਗੇ।

ਇਸ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਅਮਰੀਕਾ ਰਵਾਨਾ ਹੋ ਜਾਣਗੇ।

ਪ੍ਰਧਾਨ ਮੰਤਰੀ ਮੋਦੀ ਅਤੇ ਟਰੰਪ ਵੀਰਵਾਰ ਨੂੰ ਸ਼ਾਮ 4 ਵਜੇ (ਅਮਰੀਕੀ ਸਮੇਂ ਅਨੁਸਾਰ) ਵ੍ਹਾਈਟ ਹਾਊਸ ਵਿਖੇ ਦੁਵੱਲੀ ਮੀਟਿੰਗ ਕਰਨਗੇ।

ਇਸ ਗੱਲਬਾਤ ਦੌਰਾਨ, ਆਯਾਤ ਡਿਊਟੀ ਘਟਾਉਣ, ਅਮਰੀਕੀ ਊਰਜਾ ਅਤੇ ਰੱਖਿਆ ਉਪਕਰਣਾਂ ਦੀ ਖਰੀਦ ਵਧਾਉਣ ਅਤੇ ਲੰਬੇ ਸਮੇਂ ਤੋਂ ਚੱਲ ਰਹੇ ਵਪਾਰਕ ਮੁੱਦਿਆਂ 'ਤੇ ਗੱਲਬਾਤ ਹੋ ਸਕਦੀ ਹੈ। ਇਹ ਮੀਟਿੰਗ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਭਾਰਤ-ਅਮਰੀਕਾ ਸਬੰਧਾਂ ਵਿੱਚ ਵਪਾਰ, ਰੱਖਿਆ ਸਹਿਯੋਗ ਅਤੇ ਊਰਜਾ ਵਰਗੇ ਮੁੱਦੇ ਚਰਚਾ ਵਿੱਚ ਹਨ ਅਤੇ ਟਰੰਪ ਨੇ ਕਈ ਦੇਸ਼ਾਂ 'ਤੇ ਟੈਰਿਫ ਵਧਾਉਣ ਦੀ ਧਮਕੀ ਦਿੱਤੀ ਹੈ।













# ਓਨਟਾਰੀਓ ਵਿਧਾਨ ਸਭਾ ਚੋਣਾਂ 'ਚ ਮੁਕਾਬਲਾ ਹੋਇਆ ਦਿਲਚਸਪ

## * ਪੀ.ਸੀ. ਪਾਰਟੀ ਦੀ ਲੀਡ ਵਿਚ ਆਈ ਕਮੀ, ਲਿਬਰਲ ਪਾਰਟੀ ਹੋਈ ਮਜ਼ਬੂਤ

## * 9.4 ਫ਼ੀਸਦੀ ਅਣਇੱਛਕ ਵੋਟਰ ਕਰ ਸਕਦੇ ਨੇ ਨਵੀਂ ਸਰਕਾਰ ਦਾ ਫ਼ੈਸਲਾ : ਸਰਵੇਖਣ




ਟੋਰਾਂਟੋ : ਉਨਟਾਰੀਓ ਵਿਚ ਚੋਣ ਪ੍ਰਚਾਰ ਆਰੰਭ ਹੋਣ ਮਗਰੋਂ ਸੱਤਾਧਾਰੀ ਪੀ.ਸੀ. ਪਾਰਟੀ ਦੀ ਲੀਡ ਵਿਚ ਕਮੀ ਆਈ ਹੈ ਅਤੇ ਬੌਨੀ ਕਰੌਂਬੀ ਦੀ ਅਗਵਾਈ ਵਾਲੀ ਲਿਬਰਲ ਪਾਰਟੀ 31 ਫ਼ੀ ਸਦੀ ਦੇ ਅੰਕੜੇ ਤੱਕ ਪੁੱਜ ਚੁੱਕੀ ਹੈ। ਉਧਰ 19 ਫ਼ੀ ਸਦੀ ਲੋਕਾਂ ਨੇ ਐਨ.ਡੀ.ਪੀ. ਨੂੰ ਪਹਿਲੀ ਪਸੰਦ ਦੱਸਿਆ ਜਦਕਿ ਗਰੀਨ ਪਾਰਟੀ ਚਾਰ ਫ਼ੀ ਸਦੀ ਲੋਕਾਂ ਦੀ ਹਮਾਇਤ ਨਾਲ ਚੌਥੇ ਸਥਾਨ 'ਤੇ ਚੱਲ ਰਹੀ ਹੈ। ਸੀ.ਟੀ.ਵੀ. ਵੱਲੋਂ ਪ੍ਰਕਾਸ਼ਤ ਨੈਨੋਜ਼ ਰਿਸਰਚ ਦੇ ਸਰਵੇਖਣ ਮੁਤਾਬਕ ਪ੍ਰੀਮੀਅਰ ਡਗ ਫ਼ੋਰਡ ਦੀ ਪਾਰਟੀ ਨੂੰ 39.7 ਫ਼ੀ ਸਦੀ ਲੋਕਾਂ ਦੀ ਹਮਾਇਤ ਮਿਲ ਰਹੀ ਹੈ ਜਿਨ੍ਹਾਂ ਵਿਚ ਪੱਕੇ ਤੌਰ 'ਤੇ ਅਤੇ ਕੱਚੇ-ਪੱਕੇ ਤੌਰ 'ਤੇ ਵੋਟ ਪਾਉਣ ਦੇ ਇੱਛਕ ਲੋਕ ਸ਼ਾਮਲ ਹਨ।

ਸਰਵੇਖਣ ਦੌਰਾਨ 9.4 ਫ਼ੀ ਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਯਕੀਨੀ ਤੌਰ 'ਤੇ ਕਹਿਣਾ ਮੁਸ਼ਕਲ ਹੈ ਕਿ ਕਿਹੜੀ ਪਾਰਟੀ ਨੂੰ ਵੋਟ ਪਾਉਣਗੇ। ਸਰਵੇਖਣ ਦੇ ਅੰਕੜਿਆਂ ਮੁਤਾਬਕ ਟੋਰਾਂਟੋ ਵਿਚ ਮੁਕਾਬਲਾ ਹੋਰ ਵੀ ਦਿਲਚਸਪ ਮੰਨਿਆ ਜਾ ਰਿਹਾ ਹੈ ਜਿਥੇ 36.2 ਫ਼ੀ ਸਦੀ ਲੋਕਾਂ ਦਾ ਕਹਿਣਾ ਹੈ ਕਿ ਉਹ ਪੀ.ਸੀ. ਪਾਰਟੀ ਨੂੰ ਵੋਟ ਪਾਉਣਗੇ ਜਦਕਿ 34.3 ਫ਼ੀ ਸਦੀ ਲਿਬਰਲ ਪਾਰਟੀ ਦੇ ਹੱਕ ਵਿਚ ਭੁਗਤਣ ਦੀ ਗੱਲ ਕਰ ਰਹੇ ਹਨ। ਇਸੇ ਤਰ੍ਹਾਂ ਐਨ.ਡੀ.ਪੀ. ਨੂੰ ਪਹਿਲੀ ਪਸੰਦ ਦੱਸਣ ਵਾਲਿਆਂ ਦੀ ਗਿਣਤੀ 24.3 ਫ਼ੀ ਸਦੀ ਦਰਜ ਕੀਤੀ ਗਈ। ਇਸ ਦੇ ਉਲਟ ਗਰੇਟਰ ਟੋਰਾਂਟੋ ਏਰੀਆ ਵਿਚ 48 ਫੀ ਸਦੀ ਲੋਕਾਂ ਨੇ ਪੀ.ਸੀ. ਪਾਰਟੀ ਦਾ ਪੱਖ ਲਿਆ ਜਦਕਿ ਲਿਬਰਲ ਪਾਰਟੀ 10 ਫ਼ੀ ਸਦੀ ਪੱਛੜੀ ਹੋਈ ਨਜ਼ਰ ਆਈ। ਉਨਟਾਰੀਓ ਦੇ ਤਰਜੀਹੀ ਪ੍ਰੀਮੀਅਰ ਵਜੋਂ ਡਗ ਫ਼ੋਰਡ ਦੀ ਚੜ੍ਹਤ ਬਰਕਰਾਰ ਹੈ ਅਤੇ ਸਰਵੇਖਣ ਦੌਰਾਨ 39 ਫ਼ੀ ਸਦੀ ਲੋਕਾਂ ਨੇ ਉਨ੍ਹਾਂ ਦੀ ਹਮਾਇਤ ਕੀਤੀ ਜਦਕਿ 26 ਫ਼ੀ ਸਦੀ ਲੋਕ ਲਿਬਰਲ ਆਗੂ ਬੌਨੀ ਕਰੌਂਬੀ ਨੂੰ ਸੂਬੇ ਦੀ ਪ੍ਰੀਮੀਅਰ ਦੇਖਣਾ ਚਾਹੁੰਦੇ ਹਨ।

ਐਨ.ਡੀ.ਪੀ. ਦੀ ਆਗੂ ਮੈਰਿਟ ਸਟਾਈਲਜ਼ ਨੂੰ ਪ੍ਰੀਮੀਅਰ ਵਜੋਂ ਪਸੰਦ ਕਰਨ ਵਾਲਿਆਂ ਦੀ ਗਿਣਤੀ 15 ਫ਼ੀ ਸਦੀ ਅਤੇ ਗਰੀਨ ਪਾਰਟੀ ਦੇ ਮਾਈਕ ਸ਼ਰੀਨਰ ਨੂੰ ਪਹਿਲੀ ਪਸੰਦ ਦੱਸਣ ਵਾਲਿਆਂ ਦਾ ਅੰਕੜਾ ਪੰਜ ਫ਼ੀ ਸਦੀ ਦਰਜ ਕੀਤਾ ਗਿਆ। ਨੈਨੋਜ਼ ਰਿਸਰਚ ਦੇ ਨਿਕ ਨੈਨੋਜ਼ ਨੇ ਦੱਸਿਆ ਕਿ ਸਰਵੇਖਣ ਦੇ ਨਤੀਜਿਆਂ ਵਿਚ ਤਿੰਨ ਫੀ ਸਦੀ ਤਰੁਟੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਜੋ 7 ਫ਼ਰਵਰੀ ਤੋਂ 9 ਫ਼ਰਵਰੀ ਦਰਮਿਆਨ ਕੀਤਾ ਗਿਆ। ਇਕ ਵੱਖਰੇ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਸੱਤਾਧਾਰੀ ਪੀ.ਸੀ. ਪਾਰਟੀ ਟੋਰਾਂਟੋ ਅਤੇ ਹੈਮਿਲਟਨ ਇਲਾਕੇ ਨੂੰ ਵਧੇਰੇ ਤਰਜੀਹ ਦੇ ਰਹੀ ਹੈ। ਇਥੇ ਦਸਣਾ ਬਣਦਾ ਹੈ ਕਿ ਉਨਟਾਰੀਓ ਵਿਧਾਨ ਸਭਾ ਲਈ 27 ਜਨਵਰੀ ਨੂੰ ਵੋਟਾਂ ਪੈਣਗੀਆਂ।

# ਟਰੂਡੋ ਸਰਕਾਰ ਦੇ ਦੋ ਹੋਰ ਮੰਤਰੀਆਂ ਵੱਲੋਂ ਚੋਣਾਂ ਲੜਨ ਤੋਂ ਇਨਕਾਰ



ਵੈਨਕੂਵਰ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਖਾਸਮ ਖਾਸਾਂ ਵੱਲੋਂ ਅਗਲੀਆਂ ਸੰਸਦੀ ਚੋਣਾਂ ਲੜਨ ਤੋਂ ਨਾਂਹ ਕਰਨ ਵਾਲਿਆਂ ਦੀ ਸੂਚੀ ਵਧਣ ਲੱਗੀ ਹੈ। ਕੈਨੇਡਾ ਦੇ ਕਾਨੂੰਨ ਮੰਤਰੀ ਤੇ ਅਟਾਰਨੀ ਜਨਰਲ ਆਰਿਫ ਵਿਰਾਨੀ ਅਤੇ ਕੌਮਾਂਤਰੀ ਵਪਾਰ ਤੇ ਅਰਥਚਾਰੇ ਦੇ ਵਿਕਾਸ ਬਾਰੇ ਮੰਤਰੀ ਮੈਰੀ ਐਨਜੀ ਵਲੋਂ ਆਪਣੇ ਐਕਸ ਖਾਤਿਆਂ 'ਤੇ ਐਲਾਨ ਕੀਤਾ ਗਿਆ ਹੈ ਕਿ ਉਹ ਅਗਲੀਆਂ ਚੋਣਾਂ ਵਿਚ ਲਿਬਰਲ ਪਾਰਟੀ ਦੇ ਉਮੀਦਵਾਰ ਨਹੀਂ ਬਣਨਗੇ। ਆਰਿਫ ਵਿਰਾਨੀ ਨੇ ਆਪਣੇ ਐਕਸ ਖਾਤੇ 'ਤੇ ਇਕ ਪੋਸਟ ਵਿਚ ਲਿਖਿਆ ਕਿ ਕਈ ਹਫਤੇ ਆਪਣੀ ਜ਼ਮੀਰ ਨਾਲ ਸੋਚ ਵਿਚਾਰ ਕਰਨ ਤੋਂ ਬਾਅਦ ਉਹ ਭਰੇ ਮਨ ਨਾਲ ਫੈਸਲਾ ਲੈਣ ਲਈ ਮਜਬੂਰ ਹੋਏ ਹਨ ਕਿ ਅਗਲੀਆਂ ਚੋਣਾਂ ਤੋਂ ਬਾਅਦ ਉਹ ਸੰਸਦ ਦੇ ਅੰਦਰੋਂ ਕੈਨੇਡਾ ਲਈ ਕੁਝ ਕਰ ਸਕਣ ਤੋਂ ਅਸਮਰਥ ਹੋਣਗੇ। ਉਨ੍ਹਾਂ ਅਸਿੱਧੇ ਢੰਗ ਨਾਲ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਹੈ। ਉਧਰ ਕੌਮਾਂਤਰੀ ਵਪਾਰ ਮੰਤਰੀ ਮੈਰੀ ਨੇ ਵੀ ਕੁਝ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟਾਏ ਹਨ। ਸਿਆਸੀ ਮਾਹਿਰ ਸਮਝਣ ਲੱਗੇ ਹਨ ਕਿ ਅਗਲੀ ਸੰਸਦੀ ਚੋਣ, ਜਿਸ ਦੇ ਅਪਰੈਲ ਅਖੀਰ ਜਾਂ ਮਈ ਦੇ ਪਹਿਲੇ ਹਫਤੇ ਹੋਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ, ਤੋਂ ਪਹਿਲਾਂ ਹੀ ਲਿਬਰਲ ਪਾਰਟੀ ਆਗੂਆਂ ਵਲੋਂ ਚੋਣ ਮੈਦਾਨ 'ਚੋਂ ਭੱਜਣ ਦੇ ਸੰਕੇਤ ਦਿੰਦਾ ਹੈ। ਇਹ ਆਗੂ ਆਪਣੇ ਮੱਥੇ 'ਤੇ ਹਾਰ ਦਾ ਟਿੱਕਾ ਲਵਾਉਣ ਦੀ ਥਾਂ ਚੋਣ ਲੜਨ ਤੋਂ ਨਾਂਹ ਕਰਨ ਲੱਗੇ ਹਨ।

# ਟੋਰਾਂਟੋ : ਪ੍ਰਾਪਰਟੀ ਟੈਕਸ 'ਚ 6.9 ਫ਼ੀਸਦੀ ਵਾਧੇ ਨੂੰ ਕੌਂਸਲ ਦੀ ਪ੍ਰਵਾਨਗੀ

## 18.8 ਅਰਬ ਡਾਲਰ ਦਾ ਅਪ੍ਰੇਟਿੰਗ ਬਜਟ ਵੀ ਪ੍ਰਵਾਨ ਕੀਤਾ



ਟੋਰਾਂਟੋ : ਟੋਰਾਂਟੋ ਸਿਟੀ ਕੌਂਸਲ ਵੱਲੋਂ 2025 ਦੇ ਬਜਟ ਨੂੰ ਪ੍ਰਵਾਨਗੀ ਦੇ ਦਿਤੀ ਗਈ ਜਿਸ ਵਿਚ ਪ੍ਰਾਪਰਟੀ ਟੈਕਸ 6.9 ਫ਼ੀਸਦੀ ਵਧਾਉਣਾ ਵੀ ਸ਼ਾਮਲ ਹੈ ਜਦਕਿ 18.8 ਅਰਬ ਡਾਲਰ ਦੇ ਅਪ੍ਰੇਟਿੰਗ ਬਜਟ ਅਤੇ 59.6 ਅਰਬ ਡਾਲਰ ਦੇ ਕੈਪੀਟਲ ਪਲੈਨ ਨੂੰ ਵੀ ਹਰੀ ਝੰਡੀ ਮਿਲ ਗਈ। ਬਤੌਰ ਮੇਅਰ ਓਲੀਵੀਆ ਚੌਅ ਵੱਲੋਂ ਆਪਣਾ ਦੂਜਾ ਬਜਟ ਪਾਸ ਕਰਵਾਇਆ ਗਿਆ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਮੇਅਰ ਨੇ ਕਿਹਾ ਕਿ ਟੋਰਾਂਟੋ ਵਿਚ ਰਹਿਣਾ ਬੇਹੱਦ ਮਹਿੰਗਾ ਹੋ ਚੁੱਕਾ ਹੈ ਜਦਕਿ ਵੱਡੀ ਗਿਣਤੀ ਵਿਚ ਬੱਚੇ ਭੁੱਖੇ ਹਨ ਅਤੇ ਪੁਲਿਸ ਤੇ ਪੈਰਾਮੈਡਿਕਸ ਮੌਕੇ 'ਤੇ ਪੁੱਜਣ ਵਿਚ ਵਧ ਸਮਾਂ ਲਾ ਰਹੇ ਹਨ।

ਬਜਟ ਵਿਚ ਕਈ ਖੁਰਾਕ ਯੋਜਨਾਵਾਂ ਸ਼ਾਮਲ ਹਨ ਜਦਕਿ ਟੀ.ਟੀ.ਸੀ. ਕਿਰਾਇਆਂ ਵਿਚ ਵਾਧੇ ਨੂੰ ਵੀ ਠੱਲ੍ਹ ਪਾਈ ਗਈ ਹੈ। ਕੁਝ ਕੌਂਸਲਰਾਂ ਵੱਲੋਂ ਸਵਾਲ ਉਠਾਇਆ ਗਿਆ ਕਿ ਪ੍ਰਾਪਰਟੀ ਟੈਕਸ ਵਿਚ ਐਨਾ ਵਾਧਾ ਜਾਇਜ਼ ਨਹੀਂ ਸੀ ਜਦਕਿ ਮੇਅਰ ਵੱਲੋਂ ਵਾਧੇ ਨੂੰ ਪੂਰੀ ਤਰ੍ਹਾਂ ਜਾਇਜ਼ ਠਹਿਰਾਇਆ ਗਿਆ। ਇਥੇ ਦਸਣਾ ਬਣਦਾ ਹੈ ਕਿ ਬਜਟ ਮੀਟਿੰਗ ਦੌਰਾਨ ਕੁਝ ਮਤੇ ਫੇਲ ਵੀ ਹੋ ਗਏ ਜਿਨ੍ਹਾਂ ਵਿਚ ਇੰਡਸਟ੍ਰੀਅਲ ਟੈਕਸ ਵਿਚ 25 ਫੀ ਸਦੀ ਕਟੌਤੀ ਕਰਨਾ ਸ਼ਾਮਲ ਹੈ। ਕੌਂਸਲਰ ਬਰੈਡ ਬਰੈਡਫਰਡ ਵੱਲੋਂ ਇਹ ਮਤਾ ਲਿਆਂਦਾ ਗਿਆ ਪਰ ਇਹ ਬੁਰੀ ਤਰ੍ਹਾਂ ਡਿੱਗ ਗਿਆ।

# ਪੁਰਖਿਆਂ ਦੀ ਮਿੱਟੀ ਦਾ ਕਰਜ਼ ਉਤਾਰਨ ਨਿਊਜ਼ੀਲੈਂਡ ਤੋਂ ਪੰਜਾਬ ਆਈ ਅਵੰਤਿਕਾ ਪੰਜਤੂਰੀ



ਪੰਜਾਬੀਆਂ ਉਤੇ ਦੋਸ਼ ਲਗਦੇ ਹਨ ਕਿ ਇਹ ਲੋਕ ਅਪਣੀ ਜਨਮ ਭੂਮੀ ਨੂੰ ਛੱਡ ਕੇ ਵਿਦੇਸ਼ਾਂ ਵਿਚ ਸੈਟਲ ਹੋ ਰਹੇ ਹਨ, ਜੋ ਲੋਕ ਇਥੋਂ ਜਾ ਰਹੇ ਹਨ ਉਹ ਅਪਣੀ ਮੁੜ ਇਥੋਂ ਦੀ ਸਾਰ ਨਹੀਂ ਲੈਂਦੇ। ਇਨ੍ਹਾਂ ਸਾਰੀਆਂ ਦੰਦ ਕਥਾਵਾਂ ਨੂੰ ਨਿਊਜ਼ੀਲੈਂਡ ਵਿਚ ਪੈਦਾ ਹੋਈ ਪੰਜਾਬਣ ਮੁਟਿਆਰ ਅਵੰਤਿਕਾ ਪੰਜਤੂਰੀ (23 ਸਾਲ) ਨੇ ਝੂਠ ਸਾਬਤ ਕਰ ਦਿਤਾ ਹੈ। ਪੰਜਾਬ ਸਰਕਾਰ ਵਲੋਂ ਪ੍ਰਵਾਸੀ ਪੰਜਾਬੀਆਂ ਨੂੰ ਅਪਣੀ ਮਿੱਟੀ ਲਈ ਕੁੱਝ ਕਰਨ ਦਾ ਸੱਦਾ ਪ੍ਰਵਾਨ ਕਰਦਿਆਂ ਅਵੰਤਿਕਾ ਨਿਊਜ਼ੀਲੈਂਡ ਵਰਗਾ ਖ਼ੁਸ਼ਹਾਲ ਦੇਸ਼ ਛੱਡ ਕੇ ਅਪਣੇ ਜੱਦੀ ਪਿੰਡ ਫ਼ਤਹਿਗੜ੍ਹ ਪੰਜਤੂਰ ਵਿਚ ਰਹਿਣ ਹੀ ਨਹੀਂ ਲੱਗੀ ਸਗੋਂ ਉਸ ਨੇ ਇਥੋਂ ਦੇ ਨੌਜਵਾਨ ਵਰਗ, ਖ਼ਾਸ ਕਰ ਕੇ ਕੁੜੀਆਂ, ਨੂੰ ਸਕਿੱਲਡ ਕਰ ਕੇ ਅਪਣੇ ਪੈਰਾਂ 'ਤੇ ਖੜਾ ਕਰਨ ਵਿਚ ਵੀ ਲਾਮਿਸਾਲ ਯੋਗਦਾਨ ਪਾ ਰਹੀ ਹੈ।

ਗੱਲਬਾਤ ਦੌਰਾਨ ਅਵੰਤਿਕਾ ਨੇ ਦਸਿਆ ਕਿ ਉਸ ਦੇ ਪਿਤਾ ਜਤਿੰਦਰ ਪੰਜਤੂਰੀ, ਜੋ ਕਿ ਖ਼ੁਦ ਸਾਇੰਸ ਵਿਸ਼ੇ ਦੇ ਅਧਿਆਪਕ ਸਨ, ਸਾਲ 1999 ਵਿਚ ਨਿਊਜ਼ੀਲੈਂਡ ਚਲੇ ਗਏ ਸੀ। ਪਰ ਪਿੰਡ ਫ਼ਤਿਹਗੜ੍ਹ ਪੰਜਤੂਰ ਹਮੇਸ਼ਾ ਉਨ੍ਹਾਂ ਦੇ ਦਿਲ ਦੇ ਨਜ਼ਦੀਕ ਰਿਹਾ। ਅਪਣੇ ਦਿਲ ਦੀ ਆਵਾਜ਼ ਦਾ ਸਤਿਕਾਰ ਕਰਦਿਆਂ ਜਤਿੰਦਰ ਪੰਜਤੂਰੀ ਨੇ ਵੀ ਪਿੰਡ ਵਾਪਸ ਆਉਣ ਦਾ ਫ਼ੈਸਲਾ ਕੀਤਾ ਅਤੇ ਇਥੇ ਆ ਕੇ ਅਪਣੇ ਪੁਰਖਿਆਂ ਵਲੋਂ ਸ਼ੁਰੂ ਕੀਤੇ ਗਏ ਸਕੂਲ ਦਾ ਕੰਮ ਸੰਭਾਲ ਲਿਆ।

ਅਵੰਤਿਕਾ ਨੇ ਕਿਹਾ ਕਿ ਉਹ ਵਿਦੇਸ਼ੀ ਧਰਤੀ ਤੋਂ ਇਕ ਮਿਸ਼ਨ ਲੈ ਕੇ ਪਰਤੀ ਹੈ। ਉਸ ਦਾ ਟੀਚਾ ਪੇਂਡੂ ਖੇਤਰ ਦੀਆਂ ਲੜਕੀਆਂ ਨੂੰ ਪੈਰਾਂ-ਸਿਰ ਕਰਨਾ ਹੈ। ਸ਼ਾਇਦ ਇਸ ਕਰ ਕੇ ਉਹ ਅਪਣੇ ਪੁਰਖਿਆਂ ਦੀ ਮਿੱਟੀ ਦਾ ਕਰਜ਼ ਉਤਾਰਨ ਵਿਚ ਥੋੜ੍ਹਾ ਬਹੁਤ ਸਫ਼ਲ ਹੋ ਸਕੇ। ਉਸ ਨੇ ਅਪਣੇ ਪਿਤਾ ਜਤਿੰਦਰ ਪੰਜਤੂਰੀ ਦੀ ਸਰਪ੍ਰਸਤੀ ਹੇਠ ਚਲ ਰਹੀ ਐਸਆਰਐਮ ਨਾਮੀ ਵਿਦਿਅਕ ਸੰਸਥਾ ਦੇ ਇਕ ਹਿੱਸੇ ਨੂੰ ਲੜਕੀਆਂ ਦੀ ਮੁਫ਼ਤ ਸਿਖਲਾਈ ਕੈਂਪ ਵਜੋਂ ਰਾਖਵਾਂ ਰਖਿਆ ਹੋਇਆ ਹੈ। ਲੰਘੇ ਇਕ ਵਰ੍ਹੇ ਵਿਚ ਲਗਭਗ 500 ਲੜਕੀਆਂ ਇਸ ਸਿਖ਼ਲਾਈ ਸੈਂਟਰ ਤੋਂ ਵੱਖ-ਵੱਖ ਕਿੱਤਾਮੁਖੀ ਕੋਰਸਾਂ ਵਿਚ ਮੁਫ਼ਤ ਸਿਖਿਆ ਗ੍ਰਹਿਣ ਕਰ ਕੇ ਰੁਜ਼ਗਾਰ ਦੇ ਮੌਕੇ ਹਾਸਲ ਕਰ ਚੁੱਕੀਆਂ ਹਨ।

ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਅਵੰਤਿਕਾ ਪੰਜਤੂਰੀ ਵਲੋਂ ਅਪਣੇ ਇਲਾਕੇ ਦੀਆਂ ਕੁੜੀਆਂ/ਔਰਤਾਂ ਦੇ ਸਸ਼ਕਤੀਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਜ਼ਿਲ੍ਹਾ ਮੋਗਾ ਨਾਲ ਸਬੰਧ ਰੱਖਣ ਵਾਲੇ ਪ੍ਰਵਾਸੀ ਪੰਜਾਬੀਆਂ ਨੂੰ ਸੱਦਾ ਦਿਤਾ ਹੈ ਕਿ ਉਹ ਵੀ ਅਪਣੀ ਧਰਤੀ ਲਈ ਕੁੱਝ ਬਿਹਤਰ ਕਰਨ ਲਈ ਅੱਗੇ ਆਉਣ।

# ਕੈਨੇਡਾ ਦੇ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਸੈਨੇਟਰ ਨਿਯੁਕਤ



ਸਰੀ : ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ (ਆਰ.ਸੀ.ਐੱਮ.ਪੀ.) ਵਿਚ ਸੇਵਾ ਨਿਭਾਉਣ ਵਾਲੇ ਪਹਿਲੇ ਦਸਤਾਰਧਾਰੀ ਸਿੱਖ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਨੂੰ ਗਵਰਨਰ ਜਨਰਲ ਮੈਰੀ ਸਾਈਮਨ ਵੱਲੋਂ ਬ੍ਰਿਟਿਸ਼ ਕੋਲੰਬੀਆ ਲਈ ਇੱਕ ਸੁਤੰਤਰ ਸੈਨੇਟਰ ਵਜੋਂ ਸੈਨੇਟ ਵਿਚ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ ਦਾ ਐਲਾਨ ਬੀਤੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤਾ ਗਿਆ। ਉਨ੍ਹਾਂ ਦੇ ਨਾਲ ਕਿਊਬਿਕ ਲਈ ਮਾਰਟੀਨ ਹੇਬਰਟ ਅਤੇ ਸਸਕੈਚਵਨ ਲਈ ਟੌਡ ਲੇਵਿਸ ਨੂੰ ਵੀ ਸੈਨੇਟਰ ਨਿਯੁਕਤ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ. ਢਿੱਲੋਂ, ਸ਼੍ਰੀਮਤੀ ਹੇਬਰਟ ਅਤੇ ਸ਼੍ਰੀ ਲੂਈਸ ਨੂੰ ਸੰਸਦ ਦੇ ਨਵੇਂ ਸੁਤੰਤਰ ਸੈਨੇਟਰ ਵਜੋਂ ਨਿਯੁਕਤੀ 'ਤੇ ਵਧਾਈ ਦਿੰਦਿਆਂ ਕਿਹਾ ਹੈ "ਉਨ੍ਹਾਂ ਦੇ ਵਿਸ਼ਾਲ ਤਜ਼ਰਬੇ ਦਾ ਸੈਨੇਟ ਲਈ ਬਹੁਤ ਵੱਡਾ ਲਾਭ ਹੋਵੇਗਾ ਅਤੇ ਮੈਨੂੰ ਵਿਸ਼ਵਾਸ ਹੈ ਕਿ ਉਹ ਆਪਣੇ ਭਾਈਚਾਰਿਆਂ ਲਈ ਮਜ਼ਬੂਤ ਆਵਾਜ਼ ਬਣਦੇ ਰਹਿਣਗੇ।"

ਜ਼ਿਕਰਯੋਗ ਹੈ ਕਿ ਬਲਤੇਜ ਸਿੰਘ ਢਿੱਲੋਂ ਇੱਕ ਸੇਵਾਮੁਕਤ ਕੈਰੀਅਰ ਪੁਲਿਸ ਅਧਿਕਾਰੀ, ਇੱਕ ਕਮਿਊਨਿਟੀ ਲੀਡਰ ਅਤੇ ਵਿਭਿੰਨਤਾ ਅਤੇ ਸਮਾਵੇਸ਼ ਲਈ ਜੀਵਨ ਭਰ ਵਕੀਲ ਸਨ। 1991 ਵਿਚ ਉਸ ਨੇ ਦਸਤਾਰ ਪਹਿਨਣ ਵਾਲੇ ਪਹਿਲੇ ਆਰ.ਸੀ.ਐੱਮ.ਪੀ. ਅਧਿਕਾਰੀ ਵਜੋਂ "ਇਤਿਹਾਸ ਰਚਿਆ"। ਉਸ ਨੇ ਆਰ.ਸੀ.ਐੱਮ.ਪੀ. ਨਾਲ 30 ਸਾਲਾਂ ਦਾ ਸਫਲ ਕਰੀਅਰ ਬਣਾਇਆ, ਕਈ ਉੱਚ-ਪ੍ਰੋਫਾਈਲ ਜਾਂਚਾਂ ਵਿਚ ਮੁੱਖ ਭੂਮਿਕਾ ਨਿਭਾਈ। 2019 ਤੋਂ ਉਸ ਨੇ ਬ੍ਰਿਟਿਸ਼ ਕੋਲੰਬੀਆ ਦੀ ਗੈਂਗ-ਵਿਰੋਧੀ ਏਜੰਸੀ ਨਾਲ ਕੰਮ ਕੀਤਾ ਹੈ ਅਤੇ ਇੱਕ ਆਗੂ ਵਜੋਂ ਆਪਣੇ ਭਾਈਚਾਰੇ ਵਿਚ ਸਰਗਰਮ ਰਿਹਾ ਹੈ।

ਉਨ੍ਹਾਂ ਨੇ ਪਿਛਲੇ ਸਾਲ ਸੱਤਾਧਾਰੀ ਬੀ.ਸੀ. ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ.ਡੀ.ਪੀ.) ਦੇ ਉਮੀਦਵਾਰ ਵਜੋਂ ਬ੍ਰਿਟਿਸ਼ ਕੋਲੰਬੀਆ ਵਿਚ ਸੂਬਾਈ ਚੋਣ ਲੜੀ ਸੀ ਪਰ ਹਾਰ ਗਏ ਸਨ। ਆਪਣੇ ਲੰਬੇ ਕਰੀਅਰ ਦੌਰਾਨ ਸ. ਢਿੱਲੋਂ ਨੇ ਬ੍ਰਿਟਿਸ਼ ਕੋਲੰਬੀਆ ਵਿਚ ਸੇਵਾ ਨਿਭਾਈ ਅਤੇ 1985 ਵਿਚ ਏਅਰ ਇੰਡੀਆ ਦੀ ਉਡਾਣ 182, ਕਨਿਸ਼ਕ 'ਤੇ ਬੰਬ ਧਮਾਕੇ ਸਮੇਤ ਮਹੱਤਵਪੂਰਨ ਜਾਂਚਾਂ ਵਿਚ ਅਹਿਮ ਭੂਮਿਕਾ ਨਿਭਾਈ ਸੀ।

# ਰੇਚਲ ਰੋਜ਼ਾਨਾ 600 ਕਿਲੋਮੀਟਰ ਤੈਅ ਕਰਕੇ ਜਹਾਜ਼ ਰਾਹੀਂ ਜਾਂਦੀ ਹੈ ਦਫ਼ਤਰ



ਦਫ਼ਤਰ ਜਾਣ ਲਈ, ਕੁਝ ਜਨਤਕ ਆਵਾਜਾਈ ਦੀ ਵਰਤੋਂ ਕਰਦੇ ਹਨ ਅਤੇ ਕੁਝ ਨਿੱਜੀ ਵਾਹਨਾਂ ਦੀ ਵਰਤੋਂ ਕਰਦੇ ਹਨ ਪਰ, ਕੀ ਤੁਸੀਂ ਕਦੇ ਰੋਜ਼ਾਨਾ ਯਾਤਰਾ ਲਈ ਜਹਾਜ਼ ਦੀ ਵਰਤੋਂ ਕਰਨ ਬਾਰੇ ਸੁਣਿਆ ਹੈ? ਹੋ ਗਏ ਨਾ ਹੈਰਾਨ? ਪਰ ਇਹ ਸੱਚ ਹੈ। ਇਹ ਮਲੇਸ਼ੀਆ ਵਿੱਚ ਰਹਿਣ ਵਾਲੀ ਭਾਰਤੀ ਮੂਲ ਦੀ ਔਰਤ ਰੇਚਲ ਕੌਰ ਦੀ ਕਹਾਣੀ ਹੈ।

ਰੇਚਲ ਆਪਣੇ ਦੋ ਬੱਚਿਆਂ ਦੀ ਦੇਖਭਾਲ ਲਈ ਹਰ ਰੋਜ਼ 600 ਕਿਲੋਮੀਟਰ ਦਾ ਸਫ਼ਰ ਤੈਅ ਕਰਦੀ ਹੈ। ਹੁਣ ਕੋਈ ਵੀ ਕਾਰ ਰਾਹੀਂ 600 ਕਿਲੋਮੀਟਰ ਦਾ ਸਫ਼ਰ ਨਹੀਂ ਕਰ ਸਕਦਾ, ਇਸ ਲਈ ਰੇਚਲ ਨੂੰ ਹਵਾਈ ਸਫ਼ਰ ਕਰਨਾ ਪੈਂਦਾ ਹੈ। ਰੇਚਲ ਮਲੇਸ਼ੀਆ ਦੇ ਪੇਨਾਂਗ ਸ਼ਹਿਰ ਵਿੱਚ ਰਹਿੰਦੀ ਹੈ ਅਤੇ ਉਥੋਂ ਹਰ ਰੋਜ਼ ਕੁਆਲਾਲੰਪੁਰ ਜਾਂਦੀ ਹੈ। ਰੇਚਲ ਦੱਸਦੀ ਹੈ ਕਿ ਉਸ ਦਾ ਦਿਨ ਸਵੇਰੇ 4 ਵਜੇ ਸ਼ੁਰੂ ਹੁੰਦਾ ਹੈ। ਉਨ੍ਹਾਂ ਨੇ 9 ਵਜੇ ਤੱਕ ਆਪਣੇ ਦਫ਼ਤਰ ਪਹੁੰਚਣਾ ਹੁੰਦਾ ਹੈ। ਤਿਆਰ ਹੋਣ ਤੋਂ ਬਾਅਦ, ਰੇਚਲ 5 ਵਜੇ ਘਰੋਂ ਨਿਕਲ ਜਾਂਦੀ ਹੈ। ਰੇਚਲ ਕਾਰ ਰਾਹੀਂ ਘਰ ਤੋਂ ਏਅਰਪੋਰਟ ਜਾਂਦੀ ਹੈ, ਜਿਸ ਵਿੱਚ ਉਸ ਨੂੰ 50 ਮਿੰਟ ਲੱਗਦੇ ਹਨ। ਰੇਚਲ ਦੱਸਦੀ ਹੈ ਕਿ ਜਹਾਜ਼ 6:30 'ਤੇ ਉਡਾਣ ਭਰਦਾ ਹੈ ਅਤੇ 40 ਮਿੰਟ ਬਾਅਦ ਕੁਆਲਾਲੰਪੁਰ ਪਹੁੰਚਦਾ ਹੈ। ਉਹ 7.45 ਵਜੇ ਆਪਣੇ ਦਫ਼ਤਰ ਪਹੁੰਚ ਜਾਂਦੀ ਹੈ। ਪਹਿਲਾਂ ਰੇਚਲ ਹਫਤੇ 'ਚ ਸਿਰਫ਼ ਇਕ ਵਾਰ ਘਰ ਆਉਂਦੀ ਸੀ ਪਰ ਹੁਣ ਉਹ ਬੱਚਿਆਂ ਦੀ ਸਹੀ ਦੇਖਭਾਲ ਕਰਨ ਲਈ ਹਰ ਰੋਜ਼ ਪੇਨਾਂਗ ਸ਼ਹਿਰ ਤੋਂ ਕੁਆਲਾਲੰਪੁਰ ਤੱਕ 600 ਕਿਲੋਮੀਟਰ ਦਾ ਸਫ਼ਰ ਕਰਦੀ ਹੈ। ਰੇਚਲ ਦੱਸਦੀ ਹੈ ਕਿ ਉਸ ਦੇ ਦੋ ਬੱਚੇ ਹਨ। ਇੱਕ ਦੀ ਉਮਰ 12 ਸਾਲ ਅਤੇ ਦੂਜੇ ਦੀ ਉਮਰ 11 ਸਾਲ ਹੈ। ਰੇਚਲ ਮੁਤਾਬਕ ਬੱਚੇ ਵੱਡੇ ਹੋ ਰਹੇ ਹਨ ਅਤੇ ਇਸ ਸਮੇਂ ਉਨ੍ਹਾਂ ਨੂੰ ਮਾਂ ਦੀ ਲੋੜ ਹੈ। ਰੇਚਲ ਮਲੇਸ਼ੀਆ ਦੀ ਕੰਪਨੀ ਏਅਰ ਏਸ਼ੀਆ ਵਿੱਚ ਕੰਮ ਕਰਦੀ ਹੈ। ਉਹ ਆਉਣ-ਜਾਣ ਲਈ ਰੋਜ਼ਾਨਾ 11 ਅਮਰੀਕੀ ਡਾਲਰ ਖ਼ਰਚ ਕਰਦੀ ਹੈ। ਹਾਲਾਂਕਿ, ਰੋਜ਼ਾਨਾ ਆਉਣ-ਜਾਣ ਦੇ ਬਾਵਜੂਦ, ਰੇਚਲ ਪਹਿਲਾਂ ਨਾਲੋਂ ਘੱਟ ਪੈਸੇ ਖ਼ਰਚ ਕਰ ਰਹੀ ਹੈ। ਉਸ ਦੇ ਅਨੁਸਾਰ, ਕੁਆਲਾਲੰਪੁਰ ਵਿੱਚ ਰਹਿੰਦੇ ਹੋਏ, ਉਸ ਨੂੰ ਕਿਰਾਏ ਵਜੋਂ ਪ੍ਰਤੀ ਮਹੀਨਾ 340 ਅਮਰੀਕੀ ਡਾਲਰ ਖ਼ਰਚਣੇ ਪੈਂਦੇ ਸਨ। ਪਰ ਹੁਣ ਉਨ੍ਹਾਂ ਨੂੰ ਆਉਣ-ਜਾਣ 'ਤੇ ਸਿਰਫ਼ 226 ਅਮਰੀਕੀ ਡਾਲਰ ਖ਼ਰਚਣੇ ਪੈ ਰਹੇ ਹਨ। ਰੇਚਲ ਦੇ ਅਨੁਸਾਰ, ਜਦੋਂ ਉਹ ਦੂਰ ਰਹਿੰਦੀ ਸੀ, ਤਾਂ ਉਸ ਨੂੰ ਖਾਣੇ 'ਤੇ ਹਰ ਮਹੀਨੇ 135 ਅਮਰੀਕੀ ਡਾਲਰ ਖ਼ਰਚਣੇ ਪੈਂਦੇ ਸਨ। ਪਰ ਘਰੋਂ ਰੋਜ਼ਾਨਾ ਆਉਣ-ਜਾਣ ਕਾਰਨ ਖਾਣ-ਪੀਣ ਦਾ ਖ਼ਰਚਾ ਵੀ ਘਟ ਗਿਆ ਹੈ ਅਤੇ ਇਹ 68 ਅਮਰੀਕੀ ਡਾਲਰ ਪ੍ਰਤੀ ਮਹੀਨਾ ਹੋ ਗਿਆ ਹੈ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
ROKU
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
Jadoo TV
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਟਰੰਪ ਦੇ ਹੁਕਮਾਂ ਦਾ ਅਸਰ ਅਮਰੀਕਾ 'ਚ ਦੇਣ ਲੱਗਾ ਦਿਖਾਈ, ਟਰਾਂਸਜੈਂਡਰਾਂ 'ਤੇ ਫ਼ੌਜ 'ਚ ਭਰਤੀ ਹੋਣ 'ਤੇ ਵੀ ਪਾਬੰਦੀ



ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਟਰਾਂਸਜੈਂਡਰ ਖਿਡਾਰੀ ਮਹਿਲਾ ਖੇਡਾਂ 'ਚ ਹਿੱਸਾ ਨਹੀਂ ਲੈ ਸਕਣਗੇ। ਇਹ ਹੁਕਮ ਉਨ੍ਹਾਂ ਟਰਾਂਸਜੈਂਡਰ ਖਿਡਾਰੀਆਂ 'ਤੇ ਲਾਗੂ ਹੋਵੇਗਾ ਜੋ ਜਨਮ ਸਮੇਂ ਪੁਰਸ਼ ਸਨ ਅਤੇ ਬਾਅਦ 'ਚ ਲਿੰਗ ਪਰਿਵਰਤਨ ਕਰਵਾ ਕੇ ਔਰਤ ਬਣ ਗਏ ਹਨ। ਉਨ੍ਹਾਂ ਦੇ ਹੁਕਮਾਂ ਦਾ ਅਸਰ ਕੰਪਨੀਆਂ 'ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ। ਤਾਜ਼ਾ ਘਟਨਾਕ੍ਰਮ ਵਿੱਚ, ਡੇਲੋਇਟ ਦੀ ਅਮਰੀਕੀ ਇਕਾਈ ਨੇ ਆਪਣੀਆਂ ਨੀਤੀਆਂ ਵਿੱਚ ਬਦਲਾਅ ਦਾ ਐਲਾਨ ਕੀਤਾ ਹੈ।

ਕੰਪਨੀ ਦੇ ਸਲਾਹਕਾਰ ਆਪਣੇ ਈ-ਮੇਲ ਵਿੱਚ ਵਰਤੇ ਗਏ ਆਪਣੇ ਨਾਮ (ਦਸਤਖਤ) ਵਿੱਚ ਲਿੰਗ ਜ਼ਾਹਿਰ ਕਰਨ ਵਾਲੇ ਸ਼ਬਦਾਂ ਦੀ ਵਰਤੋਂ ਕਰਨ ਦੇ ਯੋਗ ਨਹੀਂ ਹੋਣਗੇ। ਕੰਪਨੀ ਦੀ ਇਸ ਨੀਤੀ ਨੇ ਸਰਕਾਰੀ ਠੇਕਿਆਂ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਅਤੇ ਕੰਪਨੀ ਦੇ ਵਿਭਿੰਨਤਾ ਅਤੇ ਸ਼ਮੂਲੀਅਤ ਪ੍ਰੋਗਰਾਮਾਂ ਨੂੰ ਪ੍ਰਭਾਵਿਤ ਕੀਤਾ ਹੈ।

ਇਸਦੇ ਨਾਲ ਹੀ ਡੋਨਾਲਡ ਟਰੰਪ ਨੇ ਪਿਛਲੇ ਮਹੀਨੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਸਨ ਜੋ ਟ੍ਰਾਂਸਜੈਂਡਰ ਫੌਜਾਂ ਨੂੰ ਨਿੱਜੀ ਤੌਰ 'ਤੇ ਨਿਸ਼ਾਨਾ ਬਣਾਉਂਦਾ ਸੀ। ਉਸਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਟਰਾਂਸਜੈਂਡਰਾਂ ਨੂੰ ਫ਼ੌਜ ਵਿੱਚ ਭਰਤੀ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਰੱਖਿਆ ਸਕੱਤਰ ਪੀਟ ਹੇਗਸੇਥ ਵੱਲੋਂ ਸੋਮਵਾਰ ਨੂੰ ਅਦਾਲਤ ਵਿੱਚ ਦਾਇਰ ਕੀਤੇ ਗਏ ਇੱਕ ਮੰਗ ਪੱਤਰ ਦੇ ਅਨੁਸਾਰ, ਅਮਰੀਕੀ ਫ਼ੌਜ ਹੁਣ ਟਰਾਂਸਜੈਂਡਰ ਵਿਅਕਤੀਆਂ ਨੂੰ ਫ਼ੌਜ ਵਿੱਚ ਸ਼ਾਮਲ ਹੋਣ ਦੀ ਆਗਿਆ ਨਹੀਂ ਦੇਵੇਗੀ ਅਤੇ ਸੇਵਾ ਮੈਂਬਰਾਂ ਲਈ ਲਿੰਗ ਤਬਦੀਲੀ ਪ੍ਰਕਿਰਿਆਵਾਂ ਦੀ ਸਹੂਲਤ ਦੇਣਾ ਬੰਦ ਕਰ ਦੇਵੇਗੀ। ਹੇਗਸੇਥ ਨੇ 7 ਫਰਵਰੀ ਨੂੰ ਇੱਕ ਮੈਮੋਰੰਡਮ ਵਿੱਚ ਇਹ ਐਲਾਨ ਕੀਤਾ ਅਤੇ ਸੋਮਵਾਰ ਨੂੰ ਵਾਸ਼ਿੰਗਟਨ, ਡੀਸੀ ਵਿੱਚ ਅਮਰੀਕੀ ਜ਼ਿਲ੍ਹਾ ਅਦਾਲਤ ਵਿੱਚ ਇੱਕ ਅਰਜ਼ੀ ਦਾਇਰ ਕੀਤੀ।

ਉਨ੍ਹਾਂ ਕਿਹਾ, "ਤੁਰੰਤ ਪ੍ਰਭਾਵ ਨਾਲ, ਲਿੰਗ ਡਿਸਫੋਰੀਆ ਦੇ ਇਤਿਹਾਸ ਵਾਲੇ ਵਿਅਕਤੀਆਂ ਲਈ ਸਾਰੀਆਂ ਨਵੀਆਂ ਐਂਟਰੀਆਂ ਰੋਕ ਦਿੱਤੀਆਂ ਗਈਆਂ ਹਨ। "ਸੇਵਾ ਮੈਂਬਰਾਂ ਲਈ ਲਿੰਗ ਤਬਦੀਲੀ ਦੀ ਪੁਸ਼ਟੀ ਕਰਨ ਜਾਂ ਸਹੂਲਤ ਦੇਣ ਵਾਲੀਆਂ ਸਾਰੀਆਂ ਅਣ-ਸੂਚਿਤ, ਅਨੁਸੂਚਿਤ ਜਾਂ ਡਾਕਟਰੀ ਪ੍ਰਕਿਰਿਆਵਾਂ ਨੂੰ ਰੋਕ ਦਿੱਤਾ ਗਿਆ ਹੈ।" ਰੱਖਿਆ ਵਿਭਾਗ ਦੇ ਅੰਕੜਿਆਂ ਅਨੁਸਾਰ, ਫ਼ੌਜ ਵਿੱਚ ਲਗਭਗ 1.3 ਮਿਲੀਅਨ ਸਰਗਰਮ-ਡਿਊਟੀ ਕਰਮਚਾਰੀ ਹਨ। ਜਦੋਂ ਕਿ ਟਰਾਂਸਜੈਂਡਰ ਅਧਿਕਾਰਾਂ ਦੇ ਸਮਰਥਕ ਕਹਿੰਦੇ ਹਨ ਕਿ ਲਗਭਗ 15,000 ਟਰਾਂਸਜੈਂਡਰ ਸੇਵਾ ਮੈਂਬਰ ਹਨ, ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਗਿਣਤੀ ਹਜ਼ਾਰਾਂ ਵਿੱਚ ਹੈ।

# ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਹੋਣ ਤੋਂ ਬਾਅਦ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਦਾ ਵੱਡਾ ਬਿਆਨ



ਨਵੀਂ ਦਿੱਲੀ: ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਹੋਣ ਤੋਂ ਬਾਅਦ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਨੇ ਕਿਹਾ ਹੈ ਕਿ ਸਿੱਖ ਕੌਮ ਨਾਲ ਹਮੇਸ਼ਾ ਧੱਕਾ ਹੁੰਦਾ ਰਿਹਾ ਹੈ। ਉਨ੍ਹਾਂ ਨੇ ਕਿਹਾ ਹੈ ਸਿੱਖ ਕਤਲ ਮਾਮਲੇ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦੇਣ ਲਈ ਭਾਰਤੀ ਨਿਆਂ ਪ੍ਰਣਾਲੀ ਦਾ ਧੰਨਵਾਦ ਕਰਦੇ ਹਾਂ । ਕਾਂਗਰਸ ਸਰਕਾਰ ਵੇਲੇ ਕੇਸ ਬੰਦ ਹੋ ਗਏ ਸਨ ਪਰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਸਾਂ ਨੂੰ ਦੁਆਰਾ ਜਾਂਚ ਕਰਵਾ ਕੇ ਵੱਡਾ ਕੰਮ ਕੀਤਾ ਹੈ। ਉਨ੍ਹਾਂ ਨੇ ਕਿਹਾ ਹੈਕਿ ਮੈਂ ਨਰਿੰਦਰ ਮੋਦੀ ਦਾ ਧੰਨਵਾਦ ਕਰਦਾ ਹਾਂ। ਕੇਂਦਰੀ ਮੰਤਰੀ ਬਿੱਟੂ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੇ ਸਿੱਖਾਂ ਦੇ ਦਰਦ ਨੂੰ ਵੰਡਾ ਕੇ ਜ਼ਖ਼ਮਾਂ ਉੱਤੇ ਮਲ੍ਹਮ ਲਗਾਈ ਹੈ। ਉਨ੍ਹਾਂ ਨੇਕਿਹਾ ਹੈਕਿ ਦਿੱਲੀ ਵਿੱਚ ਸਰਕਾਰ ਬਣਨ ਤੋਂ ਬਾਅਦ ਇਹ ਫੈਸਲਾ ਆਇਆ ਹੈ। ਉਨ੍ਹਾਂ ਨੇਕਿਹਾ ਹੈਕਿ ਕੋਰਟ ਦੇ ਜੱਜ ਅਤੇ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ ਜਿੰਨ੍ਹਾਂ ਨੇ ਨਿਰਪੱਖ ਜਾਂਚ ਕੀਤੀ ਹੈ। ਉਨ੍ਹਾਂ ਨੇ ਕਿਹਾ, ਪੀੜਤਾਂ ਨੇ ਹਮੇਸ਼ਾ ਔਖਾ ਸਮਾਂ ਦੇਖਿਆ ਅਤੇ ਉਨ੍ਹਾਂ ਦਾ ਜੀਵਨ ਵੀ ਔਖਾ ਗੁਜ਼ਰ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਦੇਸ਼ ਦੇ ਕਾਨੂੰਨ ਸਾਰੇ ਲੋਕਾਂ ਲਈ ਬਰਾਬਰ ਹਨ। ਉਨ੍ਹਾਂ ਨੇ ਕਿਹਾ ਹੈ ਕਿ ਕਾਂਗਰਸ ਵਾਲਿਆ ਨੂੰ ਸੰਵਿਧਾਨ ਚੁੱਕਣ ਦਾ ਕੋਈ ਹੱਕ ਨਹੀ ਹੈ ਕਿਉਂਕਿ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਨੇ ਸਾਬਤ ਕੀਤਾ ਹੈ ਕਿ ਸਾਰੇ ਲੋਕਾਂ ਲਈ ਕਾਨੂੰਨ ਇਕ ਹੈ। ਉਨ੍ਹਾਂ ਨੇ 1984 ਦੇ ਸਿੱਖ ਦੰਗਿਆ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ, ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਕਾਫ਼ੀ ਨਹੀਂ ਹੈ ਸਗੋਂ ਸਾਰੀ ਉਮਰ ਜੇਲ੍ਹ ਵਿੱਚ ਰੱਖਣਾ ਚਾਹੀਦਾ ਹੈ।

# ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਸਮਾਪਤ ਹੋਈ ਕਾਰਵਾਈ ਦੀ ਰਿਪੋਰਟ ਆਈ ਸਾਹਮਣੇ



ਅੰਮ੍ਰਿਤਸਰ: ਅੰਤ੍ਰਿੰਗ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੌਰਾਨ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ ਕਰ ਦਿਤੀਆਂ ਗਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਸਾਹਮਣੇ ਆਈ ਹੈ ਙ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਬਣਾਈ ਗਈ ਤਿੰਨ ਮੈਂਬਰੀ ਸਭ ਕਮੇਟੀ ਵੱਲੋਂ ਤਿੰਨ ਸਫਿਆਂ ਦੀ ਰਿਪੋਰਟ ਤਿਆਰ ਕਰਕੇ ਕਾਰਵਾਈ ਲਈ ਅੰਤ੍ਰਿੰਗ ਕਮੇਟੀ ਨੂੰ ਸੌਂਪੀ ਗਈ ਸੀ । ਗਿਆਨੀ ਹਰਪ੍ਰੀਤ ਸਿੰਘ ਤੇ ਲੱਗੇ ਵੱਖ ਵੱਖ ਦੋਸ਼ਾਂ ਸਬੰਧੀ ਪੜਤਾਲ ਕਰਕੇ ਆਪਣੀ ਰਿਪੋਰਟ ਤਿਆਰ ਕੀਤੀ ਗਈ ਹੈ। ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਮੁਅੱਤਲ ਕਰ ਦਿੱਤਾ ਹੈ ਅਤੇ ਉਨ੍ਹਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਦੀ ਪ੍ਰਕਿਰਿਆ ਜਾਰੀ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸੇਵਾਵਾਂ ਦੀ ਕਥਿਤ ਉਲੰਘਣਾ ਅਤੇ ਪ੍ਰਬੰਧਕੀ ਬੇਨਿਯਮੀਆਂ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਵੱਲੋਂ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਗੁਰਪ੍ਰੀਤ ਸਿੰਘ ਸਪੁੱਤਰ ਗੁਰਦੇਵ ਸਿੰਘ ਵੱਲੋਂ ਸ਼ਿਕਾਇਤ ਕੀਤੀ ਗਈ ਸੀ। ਜਿਸ ਵਿੱਚ ਉਨ੍ਹਾਂ ਉੱਤੇ ਗੰਭੀਰ ਇਲਜ਼ਾਮ ਲਗਾਏ ਗਏ ਸਨ, ਜਿਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਂਚ ਕਮੇਟੀ ਨੂੰ ਮੁਕੰਮਲ ਪੜਤਾਲ ਕਰਨ ਲਈ 15 ਦਿਨ ਦਾ ਸਮਾਂ ਦਿੱਤਾ ਸੀ। ਜਿਸ ਤੋਂ ਬਾਅਦ ਇਸ ਕਮੇਟੀ ਵੱਲੋਂ ਐਸਜੀਪੀਸੀ ਕੋਲੋਂ ਹੋਰ ਸਮਾਂ ਮੰਗਿਆ ਗਿਆ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਇੱਕ ਮਹੀਨੇ ਦਾ ਸਮਾਂ ਵਧਾ ਦਿੱਤਾ ਗਿਆ ਸੀ ਜਿਸ ਤੋਂ ਬਾਅਦ ਅੱਜ ਹੋਈ ਅੰਤ੍ਰਿੰਗ ਕਮੇਟੀ ਦੀ ਇਸ ਬੈਠਕ ਵਿੱਚ ਇਹ ਵੱਡਾ ਫੈਸਲਾ ਲਿਆ ਗਿਆ ਹੈ।

# ਖਨੌਰੀ ਸਰਹੱਦ 'ਤੇ ਅੰਦੋਲਨ ਦੌਰਾਨ ਇਕ ਹੋਰ ਕਿਸਾਨ ਦੀ ਹੋਈ ਮੌਤ



ਚੰਡੀਗੜ੍ਹ: ਪੰਜਾਬ-ਹਰਿਆਣਾ ਸਰਹੱਦ 'ਤੇ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਚੱਲ ਰਹੇ ਕਿਸਾਨ ਅੰਦੋਲਨ 'ਚ ਸ਼ਾਮਿਲ ਇਕ ਹੋਰ ਕਿਸਾਨ ਦੀ ਮੌਤ ਹੋ ਗਈ ਹੈ। ਇੱਥੇ ਇੱਕ ਕਿਸਾਨ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ।

ਮ੍ਰਿਤਕ ਦੀ ਪਛਾਣ ਚਰਨਜੀਤ ਸਿੰਘ ਕਾਲਾ (48 ਸਾਲ) ਪੁੱਤਰ ਸ.ਮੋਹਰ ਸਿੰਘ ਵਜੋਂ ਹੋਈ ਹੈ। ਮ੍ਰਿਤਕ ਪਿੰਡ ਬਡਵਾਲਾ ਤਹਿ ਬੱਸੀ ਪਠਾਣਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦਾ ਰਹਿਣ ਵਾਲਾ ਸੀ। ਜਾਣਕਾਰੀ ਅਨੁਸਾਰ ਮ੍ਰਿਤਕ ਆਪਣੀ ਕਿਡਨੀ ਦੀ ਦਵਾਈ ਲੈਣ ਲਈ ਖਨੌਰੀ ਮੋਰਚੇ ਤੋਂ ਪੀਜੀਆਈ ਚੰਡੀਗੜ੍ਹ ਆ ਰਿਹਾ ਸੀ ਪਰ ਰਸਤੇ ਵਿੱਚ ਇੱਕ ਅਵਾਰਾ ਪਸ਼ੂ ਦੇ ਸਾਹਮਣੇ ਆਉਣ ਕਾਰਨ ਇਹ ਹਾਦਸਾ ਵਾਪਰ ਗਿਆ। ਜਿਸ ਤੋਂ ਬਾਅਦ ਸੜਕ ਸੁਰੱਖਿਆ ਬਲ ਨੇ ਮੌਕੇ 'ਤੇ ਪਹੁੰਚ ਕੇ ਉਸ ਨੂੰ ਸੈਕਟਰ-16 ਦੇ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ। ਜਿੱਥੇ ਉਸ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਸਮੇਤ 13 ਮੰਗਾਂ ਨੂੰ ਲੈ ਕੇ ਪੰਜਾਬ-ਹਰਿਆਣਾ ਦੇ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਚੱਲ ਰਹੇ ਕਿਸਾਨ ਅੰਦੋਲਨ 2.0 ਨੂੰ ਇਕ ਸਾਲ ਪੂਰਾ ਹੋਣ ਵਾਲੇ ਹਨ। ਇਸ ਮੌਕੇ ਖਨੌਰੀ ਸਰਹੱਦ ਵਿਖੇ ਕਿਸਾਨ ਮਹਾਂਪੰਚਾਇਤ ਕਰਵਾਈ ਜਾ ਰਹੀ ਹੈ। ਇਸ ਵਿੱਚ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਜੋ ਕਿ 78 ਦਿਨਾਂ ਤੋਂ ਮਰਨ ਵਰਤ 'ਤੇ ਹਨ, ਜਨਤਾ ਨੂੰ ਸੰਦੇਸ਼ ਦੇਣਗੇ।

# ਹਰਿਆਣਾ ਅਤੇ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਧਰਤੀ ਹੇਠਲਾ ਪਾਣੀ ਖ਼ਤਰਨਾਕ ! ਕੈਂਸਰ ਦਾ ਖ਼ਤਰਾ !



ਚੰਡੀਗੜ੍ਹ: ਹਰਿਆਣਾ ਅਤੇ ਪੰਜਾਬ ਦੇ ਧਰਤੀ ਹੇਠਲੇ ਪਾਣੀ ਨੂੰ ਲੈ ਕੇ ਇੱਕ ਹੈਰਾਨ ਕਰਨ ਵਾਲੀ ਰਿਪੋਰਟ ਸਾਹਮਣੇ ਆਈ ਹੈ। 'ਦ ਟ੍ਰਿਬਿਊਨ' 'ਚ ਛਪੀ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਦੋਵਾਂ ਸੂਬਿਆਂ ਵਿੱਚ ਬਹੁਤ ਸਾਰੇ ਜ਼ਿਲ੍ਹੇ ਹਨ ਜਿੱਥੇ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਹੈ। ਇਨ੍ਹਾਂ ਵਿੱਚ ਯੂਰੇਨੀਅਮ, ਨਾਈਟ੍ਰੇਟ ਅਤੇ ਆਰਸੈਨਿਕ ਨਿਰਧਾਰਤ ਸੀਮਾ ਤੋਂ ਵੱਧ ਮਾਤਰਾ ਵਿੱਚ ਪਾਈ ਗਈ ਹੈ। ਦੱਸਿਆ ਗਿਆ ਹੈ ਕਿ ਖ਼ਤਰਾ ਐਨਾ ਜ਼ਿਆਦਾ ਹੈ ਕਿ ਇਸ ਨੂੰ ਪੀਣ ਨਾਲ ਸਰੀਰ ਦੇ ਕਈ ਅੰਗਾਂ ਨੂੰ ਨੁਕਸਾਨ, ਨਵਜੰਮੇ ਬੱਚਿਆਂ ਵਿੱਚ ਬਿਮਾਰੀਆਂ ਅਤੇ ਕੈਂਸਰ ਵਰਗੇ ਰੋਗ ਹੋ ਸਕਦੇ ਹਨ।

ਰਿਪੋਰਟ ਮੁਤਾਬਕ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜਨਵਰੀ 2024 ਵਿੱਚ ਧਰਤੀ ਹੇਠਲੇ ਪਾਣੀ ਦੇ ਨਮੂਨਿਆਂ ਦੀ ਜਾਂਚ ਦਾ ਹੁਕਮ ਦਿੱਤਾ ਸੀ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਯੂਰੇਨੀਅਮ ਤੋਂ ਇਲਾਵਾ ਹੋਰ ਤੱਤ ਵੀ ਸਿਹਤ ਲਈ ਹਾਨੀਕਾਰਕ ਹੋ ਸਕਦੇ ਹਨ। 2019 ਵਿੱਚ, ਪੰਜਾਬ ਦੇ 17 ਜ਼ਿਲ੍ਹਿਆਂ ਅਤੇ ਹਰਿਆਣਾ ਦੇ 18 ਜ਼ਿਲ੍ਹਿਆਂ ਵਿੱਚ ਯੂਰੇਨੀਅਮ ਦੇ ਦੂਸ਼ਿਤ ਹੋਣ ਦੀ ਪੁਸ਼ਟੀ ਹੋਈ ਸੀ। ਪਰ ਤਾਜ਼ਾ ਰਿਪੋਰਟਾਂ ਅਨੁਸਾਰ, ਪੰਜਾਬ ਵਿੱਚ ਪ੍ਰਭਾਵਿਤ ਜ਼ਿਲ੍ਹਿਆਂ ਦੀ ਗਿਣਤੀ ਵਧੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਥਾਨਕ ਭੂਗੋਲ ਅਤੇ ਮਨੁੱਖੀ ਗਤੀਵਿਧੀਆਂ, ਸ਼ਹਿਰੀਕਰਨ ਅਤੇ ਖੇਤੀਬਾੜੀ ਵਿੱਚ ਫਾਸਫੇਟ ਖਾਦਾਂ ਦੀ ਬਹੁਤ ਜ਼ਿਆਦਾ ਵਰਤੋਂ ਪੰਜਾਬ ਅਤੇ ਹਰਿਆਣਾ ਵਿੱਚ ਯੂਰੇਨੀਅਮ ਪ੍ਰਦੂਸ਼ਣ ਵਧਣ ਦੇ ਕਾਰਨ ਹਨ। ਇਸ ਤੋਂ ਇਲਾਵਾ ਫਾਸਫੇਟ ਖਾਦਾਂ ਵਿੱਚ 1 ਮਿਲੀਗ੍ਰਾਮ/ਕਿਲੋਗ੍ਰਾਮ ਤੋਂ 68.5 ਮਿਲੀਗ੍ਰਾਮ/ਕਿਲੋਗ੍ਰਾਮ ਤੱਕ ਯੂਰੇਨੀਅਮ ਹੋ ਸਕਦਾ ਹੈ, ਜਿਸ ਕਾਰਨ ਇਹ ਖੇਤੀਬਾੜੀ ਖੇਤਰਾਂ ਵਿੱਚ ਭੂਮੀਗਤ ਪਾਣੀ ਨੂੰ ਦੂਸ਼ਿਤ ਕਰਦਾ ਹੈ। ਇਸ ਤੋਂ ਇਲਾਵਾ ਰਿਪੋਰਟ ਅਨੁਸਾਰ, ਰਾਜਸਥਾਨ ਤੋਂ ਲਏ ਗਏ 42% ਅਤੇ ਪੰਜਾਬ ਤੋਂ ਲਏ ਗਏ 30% ਨਮੂਨਿਆਂ ਵਿੱਚ ਯੂਰੇਨੀਅਮ ਦਾ ਪੱਧਰ 100 ਪੀਪੀਬੀ ਤੋਂ ਵੱਧ ਪਾਇਆ ਗਿਆ, ਜਿਸ ਕਾਰਨ ਇਹ ਪੀਣ ਲਈ ਬਹੁਤ ਅਸੁਰੱਖਿਅਤ ਹੈ। ਯੂਰੇਨੀਅਮ ਦੇ ਬਹੁਤ ਜ਼ਿਆਦਾ ਸੰਪਰਕ ਨਾਲ ਗੁਰਦੇ ਨੂੰ ਨੁਕਸਾਨ ਅਤੇ ਪਿਸ਼ਾਬ ਨਾਲੀ ਦੇ ਕੈਂਸਰ ਵਰਗੀਆਂ ਬਿਮਾਰੀਆਂ ਹੋ ਸਕਦੀਆਂ ਹਨ।

ਰਿਪੋਰਟ ਅਨੁਸਾਰ, ਪੰਜਾਬ ਅਤੇ ਹਰਿਆਣਾ ਦੇ ਭੂਮੀਗਤ ਪਾਣੀ ਵਿੱਚ ਨਾਈਟ੍ਰੇਟ ਪ੍ਰਦੂਸ਼ਣ ਵੀ ਇੱਕ ਵੱਡੀ ਸਮੱਸਿਆ ਹੈ। ਇਹ ਮੁੱਖ ਤੌਰ 'ਤੇ ਨਾਈਟ੍ਰੋਜਨ-ਅਧਾਰਤ ਖਾਦਾਂ ਅਤੇ ਜਾਨਵਰਾਂ ਦੀ ਰਹਿੰਦ-ਖੂੰਹਦ ਕਾਰਨ ਹੈ। ਹਰਿਆਣਾ ਵਿੱਚ, 128 ਨਮੂਨਿਆਂ ਵਿੱਚ 45 ਮਿਲੀਗ੍ਰਾਮ/ਲੀਟਰ ਤੋਂ ਵੱਧ ਨਾਈਟ੍ਰੇਟ ਪਾਇਆ ਗਿਆ, ਜੋ ਕਿ ਕੁੱਲ ਨਮੂਨਿਆਂ ਦਾ 14.56% ਹੈ। ਜਦਕਿ ਪੰਜਾਬ ਵਿੱਚ, 112 ਸੈਂਪਲ ਫੇਲ੍ਹ ਹੋਏ, ਜੋ ਕਿ 12.58% ਬਣਦਾ ਹੈ। ਬਠਿੰਡਾ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਾ ਹੈ, ਜਿੱਥੇ 46% ਸੈਂਪਲ ਫੇਲ੍ਹ ਹੋਏ ਹਨ। ਜੇਕਰ ਪੀਣ ਵਾਲੇ ਪਾਣੀ ਵਿੱਚ ਨਾਈਟ੍ਰੇਟ ਦੀ ਜ਼ਿਆਦਾ ਮਾਤਰਾ ਮਿਲ ਜਾਂਦੀ ਹੈ, ਤਾਂ ਇਹ ਬਲੂ ਬੇਬੀ ਸਿੰਡਰੋਮ (ਬੱਚਿਆਂ ਵਿੱਚ ਆਕਸੀਜਨ ਦੀ ਕਮੀ) ਦਾ ਕਾਰਨ ਬਣ ਸਕਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਦੇ 12 ਜ਼ਿਲ੍ਹਿਆਂ ਅਤੇ ਹਰਿਆਣਾ ਦੇ 5 ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ 10 ਪੀਪੀਬੀ ਦੀ ਮਨਜ਼ੂਰ ਸੀਮਾ ਤੋਂ ਵੱਧ ਪਾਇਆ ਗਿਆ। ਆਰਸੈਨਿਕ ਨਾਲ ਚਮੜੀ ਅਤੇ ਅੰਦਰੂਨੀ ਅੰਗਾਂ ਦਾ ਕੈਂਸਰ, ਦਿਲ ਦੀ ਬਿਮਾਰੀ ਅਤੇ ਸ਼ੂਗਰ ਦਾ ਖ਼ਤਰਾ ਹੁੰਦਾ ਹੈ। ਆਰਸੈਨਿਕ ਮੁੱਖ ਤੌਰ 'ਤੇ 100 ਮੀਟਰ ਤੱਕ ਡੂੰਘਾਈ ਵਾਲੇ ਜਲਘਰਾਂ ਵਿੱਚ ਪਾਇਆ ਗਿਆ ਸੀ, ਜਦੋਂ ਕਿ ਡੂੰਘੇ ਜਲਘਰ ਮੁਕਾਬਲੇ ਸੁਰੱਖਿਅਤ ਹਨ। ਕਈ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਕਲੋਰਾਈਡ ਅਤੇ ਫਲੋਰਾਈਡ ਦੀ ਮਾਤਰਾ ਵੀ ਮਨਜ਼ੂਰ ਸੀਮਾ ਤੋਂ ਵੱਧ ਪਾਈ ਗਈ ਹੈ। ਹਰਿਆਣਾ ਵਿੱਚ, 9.67% ਨਮੂਨਿਆਂ ਵਿੱਚ ਕਲੋਰਾਈਡ ਦੀ ਮਾਤਰਾ 1000 ਮਿਲੀਗ੍ਰਾਮ/ਲੀਟਰ ਤੋਂ ਵੱਧ ਪਾਈ ਗਈ ਹੈ। ਪੰਜਾਬ ਵਿੱਚ 2% ਤੋਂ ਵੀ ਘੱਟ ਸੈਂਪਲ ਫੇਲ੍ਹ ਹੋਏ। ਹਰਿਆਣਾ ਅਤੇ ਪੰਜਾਬ ਦੇ 17-17 ਜ਼ਿਲ੍ਹਿਆਂ ਵਿੱਚ ਫਲੋਰਾਈਡ ਦਾ ਪੱਧਰ ਮਨਜ਼ੂਰ ਸੀਮਾ (1.5 ਮਿਲੀਗ੍ਰਾਮ/ਲੀਟਰ) ਤੋਂ ਵੱਧ ਪਾਇਆ ਗਿਆ। ਜ਼ਿਆਦਾ ਫਲੋਰਾਈਡ ਦੰਦਾਂ ਅਤੇ ਪਿੰਜਰ ਫਲੋਰੋਸਿਸ (ਹੱਡੀਆਂ ਦੀ ਕਮਜ਼ੋਰੀ ਅਤੇ ਦੰਦਾਂ ਦੀਆਂ ਸਮੱਸਿਆਵਾਂ) ਦਾ ਕਾਰਨ ਬਣ ਸਕਦਾ ਹੈ।

# ਜੰਮੂ 'ਚ LOC ਨੇੜੇ ਹੋਏ IED ਧਮਾਕੇ 'ਚ ਕੈਪਟਨ ਕਰਮਜੀਤ ਸਿੰਘ ਸ਼ਹੀਦ



ਜੰਮੂ-ਕਸ਼ਮੀਰ ਦੇ ਅਖਨੂਰ ਸੈਕਟਰ ਵਿਚ ਬੀਤੇ ਦਿਨੀਂ IED ਧਮਾਕਾ ਹੋਇਆ ਸੀ ਜਿਸ ਵਿਚ ਦੋ ਜਵਾਨ ਸ਼ਹੀਦ ਹੋਏ ਸਨ ਤੇ ਇਕ ਜ਼ਖਮੀ ਹੋਇਆ ਸੀ। ਸ਼ਹੀਦ ਜਵਾਨ ਵਿਚੋਂ ਇਕ ਕਰਮਜੀਤ ਸਿੰਘ ਝਾਰਖੰਡ ਦੇ ਹਜ਼ਾਰੀਬਾਗ ਦਾ ਰਹਿਣ ਵਾਲਾ ਸੀ। ਪਰਿਵਾਰਕ ਮੈਂਬਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਰਮਜੀਤ ਸਿੰਘ ਬਖਸ਼ੀ 5 ਅਪ੍ਰੈਲ ਨੂੰ ਹੋਣਾ ਸੀ ਤੇ ਘਰ ਵਿਚ ਕਰਮਜੀਤ ਦੇ ਵਿਆਹ ਦੀਆਂ ਤਿਆਰੀਆਂ ਵੀ ਸ਼ੁਰੂ ਹੋ ਗਈਆਂ ਸਨ। ਕਰਮਜੀਤ 17 ਜਨਵਰੀ ਨੂੰ ਛੁੱਟੀ ਲੈ ਕੇ ਘਰ ਆਇਆ ਸੀ ਤੇ 24 ਜਨਵਰੀ ਨੂੰ ਵਾਪਸ ਜੰਮੂ ਪਰਤ ਗਿਆ ਸੀ। ਦੱਸ ਦੇਈਏ ਕਿ ਕਰਮਜੀਤ ਸਿੰਘ ਦਾ ਪਰਿਵਾਰ ਹਜਾਰੀਬਾਗ ਵਿਚ ਰੈਸਟੋਰੈਂਟ ਚਲਾਉਂਦਾ ਹੈ। ਕਰਮਜੀਤ ਸਿੰਘ ਆਪਣੇ ਪਰਿਵਾਰ ਦਾ ਵੱਡਾ ਪੁੱਤਰ ਸੀ। ਕਰਮਜੀਤ ਦੇ ਪਿਤਾ ਦਾ ਨਾਂ ਅਜਿੰਦਰ ਸਿੰਘ ਬਖਸ਼ੀ ਅਤੇ ਮਾਂ ਦਾ ਨਾਂ ਨੀਲੂ ਬਖਸ਼ੀ ਹੈ। ਪਿਤਾ ਅਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਨੂੰ ਬਚਪਨ ਤੋਂ ਹੀ ਫੌਜ ਵਿਚ ਭਰਤੀ ਹੋਣ ਦਾ ਸ਼ੌਕ ਸੀ ਤੇ ਉਹ ਰੋਜ਼ਾਨਾ 10 ਤੋਂ 20 ਕਿਲੋਮੀਟਰ ਦੌੜਦਾ ਸੀ।















## ਅਮਰੀਕਾ ਤੋਂ ਭਾਰਤੀਆਂ ਨੂੰ ਡਿਪੋਰਟ ਕਰਨ ਦਾ ਮਾਮਲਾ:

# ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਟਰੈਵਲ ਏਜੰਟਾਂ ਵਿਰੁੱਧ 8 FIR ਦਰਜ



ਚੰਡੀਗੜ੍ਹ: ਸੂਬੇ ਦੇ ਭੋਲੇ-ਭਾਲੇ ਵਿਅਕਤੀਆਂ ਦਾ ਸ਼ੋਸ਼ਣ ਕਰਨ ਵਾਲੇ ਧੋਖੇਬਾਜ਼ ਇਮੀਗ੍ਰੇਸ਼ਨ ਸਲਾਹਕਾਰਾਂ 'ਤੇ ਨਕੇਲ ਕਸਦਿਆਂ ਪੰਜਾਬ ਪੁਲਿਸ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਨੇ ਇਸ ਖੇਤਰ ਵਿੱਚ ਚੱਲ ਰਹੇ ਬਹੁ-ਰਾਸ਼ਟਰੀ ਮਨੁੱਖੀ ਤਸਕਰੀ ਨੈਟਵਰਕ ਨੂੰ ਖ਼ਤਮ ਕਰਨ ਲਈ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਹੈ। ਇਹ ਕਾਰਵਾਈ ਉਨ੍ਹਾਂ ਭਾਰਤੀ ਨਾਗਰਿਕਾਂ ਨਾਲ ਸਬੰਧਤ ਹੈ ਜਿਨ੍ਹਾਂ ਨੂੰ ਸੰਯੁਕਤ ਰਾਜ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਸੀ ਅਤੇ ਅੰਮ੍ਰਿਤਸਰ ਪਹੁੰਚੇ ਸਨ। ਪੰਜਾਬ ਪੁਲਿਸ ਵੱਲੋਂ ਉਨ੍ਹਾਂ ਟ੍ਰੈਵਲ ਏਜੰਟਾਂ ਵਿਰੁੱਧ ਬਿਆਨ ਦਰਜ ਕੀਤੇ ਹਨ ਜਿਨ੍ਹਾਂ ਨੇ ਉਨ੍ਹਾਂ ਨਾਲ ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵੇਸ਼ ਦੇ ਝੂਠੇ ਵਾਅਦੇ ਕਰਕੇ ਧੋਖਾ ਕੀਤਾ ਹੈ।

ਇਸ ਸਬੰਧੀ ਪੀੜਤਾਂ ਦੀਆਂ ਸ਼ਿਕਾਇਤਾਂ 'ਤੇ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਨੇ ਡਿਪੋਰਟ ਕੀਤੇ ਗਏ ਵਿਅਤੀਆਂ ਦੇ ਬਿਆਨਾਂ ਦੇ ਆਧਾਰ 'ਤੇ ਟ੍ਰੈਵਲ ਏਜੰਟਾਂ ਵਿਰੁੱਧ ਕੁੱਲ 8 ਐਫਆਈਆਰਜ਼ ਦਰਜ ਕੀਤੀਆਂ ਹਨ, ਜਿਨ੍ਹਾਂ ਵਿੱਚ ਦੋ ਐਫਆਈਆਰਜ਼ ਜ਼ਿਲ੍ਹਾ ਪੁਲਿਸ ਕੋਲ ਅਤੇ ਛੇ ਐਫਆਈਆਰਜ਼ ਪੰਜਾਬ ਪੁਲਿਸ ਦੇ ਐਨਆਰਆਈ ਮਾਮਲੇ ਵਿੰਗ ਕੋਲ ਦਰਜ ਕੀਤੀਆਂ ਗਈਆਂ ਹਨ।

ਏ.ਡੀ.ਜੀ.ਪੀ. ਐਨਆਰਆਈ ਮਾਮਲਿਆਂ ਪ੍ਰਵੀਨ ਸਿਨਹਾ ਦੀ ਅਗਵਾਈ ਵਾਲੀ ਇਸ ਐਸ.ਆਈ.ਟੀ. ਵਿੱਚ ਏ.ਡੀ.ਜੀ.ਪੀ. ਅੰਦਰੂਨੀ ਸੁਰੱਖਿਆ ਸ਼ਿਵੇ ਕੁਮਾਰ ਵਰਮਾ, ਆਈ.ਜੀ.ਪੀ. ਪ੍ਰੋਵੀਜਨਿੰਗ ਡਾ. ਐਸ ਬੂਪਤੀ ਅਤੇ ਡੀ.ਆਈ.ਜੀ. ਬਾਰਡਰ ਰੇਂਜ ਰੇਂਜ ਸਤਿੰਦਰ ਸਿੰਘ ਸ਼ਾਮਲ ਹਨ। ਇਹ ਐਸਆਈਟੀ ਜਾਂਚ ਦੀ ਬਾਰੀਕਬੀਨੀ ਨਾਲ ਨਿਗਰਾਨੀ ਕਰ ਰਹੀ ਹੈ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਸਾਰੀ ਕਾਰਵਾਈ ਤੱਥਾਂ ਦੀ ਸੁਚੱਜੀ ਜਾਂਚ ਕਰਕੇ ਅਤੇ ਪ੍ਰਭਾਵੀ ਢੰਗ ਨਾਲ ਨੇਪਰੇ ਚੜਾਈ ਜਾਵੇ। ਸੀਨੀਅਰ ਪੁਲਿਸ ਅਧਿਕਾਰੀਆਂ ਨੇ ਵਤਨ ਵਾਪਸ ਪਰਤਣ ਵਾਲਿਆਂ ਨਾਲ ਨਿੱਜੀ ਤੌਰ 'ਤੇ ਮੁਲਾਕਾਤ ਕਰਕੇ ਉਨਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨਾਂ ਨੂੰ ਨਿਆਂ ਦਾ ਭਰੋਸਾ ਦਿੱਤਾ। ਇਸ ਦੇ ਨਾਲ ਹੀ ਵੱਖ-ਵੱਖ ਜਿਲਿਆਂ ਅਤੇ ਕਮਿਸ਼ਨਰੇਟਾਂ ਦੇ ਪੁਲਿਸ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਐਸ.ਆਈ.ਟੀ. ਨਾਲ ਤਾਲਮੇਲ ਕਰਕੇ ਅਣਥੱਕ ਮਿਹਨਤ ਕਰ ਰਹੇ ਹਨ ਤਾਂ ਜੋ ਇਨਾਂ ਧੋਖੇਬਾਜ਼ ਅਪਰਾਧੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾ ਸਕੇ। ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨੇ ਧੋਖਾਧੜੀ ਕਰਨ ਵਾਲੇ ਇਮੀਗ੍ਰੇਸ਼ਨ ਨੈੱਟਵਰਕ ਦੀ ਲੜੀ ਵਿਰੁੱਧ ਕਾਰਵਾਈ ਕਰਨ ਅਤੇ ਟ੍ਰੈਵਲ ਏਜੰਟਾਂ ਵੱਲੋਂ ਕੀਤੇ ਜਾ ਰਹੇ ਪੰਜਾਬ ਦੀ ਨੌਜਵਾਨੀ ਦੇ ਸ਼ੋਸ਼ਣ ਨੂੰ ਖਤਮ ਕਰਨ ਲਈ ਪੰਜਾਬ ਪੁਲਿਸ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ। ਉਨਾਂ ਕਿਹਾ ਕਿ ਐਸਆਈਟੀ ਗੈਰ-ਕਾਨੂੰਨੀ ਮਨੁੱਖੀ ਤਸਕਰੀ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਜਵਾਬਦੇਹੀ ਤੈਅ ਕਰਨ ਅਤੇ ਬਣਦੀ ਕਾਨੂੰਨੀ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਪੰਜਾਬ ਪੁਲਿਸ ਨੇ ਲੋਕਾਂ ਨੂੰ ਚੌਕਸ ਰਹਿਣ ਅਤੇ ਗੈਰ-ਕਾਨੂੰਨੀ ਢੰਗ ਨਾਲ ਇਮੀਗ੍ਰੇਸ਼ਨ ਜਾਂ ਅਜਿਹੀ ਕੋਈ ਹੋਰ ਧੋਖਾਧੜੀ ਦੀ ਸੂਚਨਾ ਅਧਿਕਾਰੀਆਂ ਨੂੰ ਦੇਣ ਦੀ ਅਪੀਲ ਕੀਤੀ। ਪੰਜਾਬ ਪੁਲਿਸ ਆਪਣੇ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਧੋਖੇਬਾਜ ਟਰੈਵਲ ਏਜੰਟਾਂ 'ਤੇ ਨਕੇਲ ਕੱਸਣ ਵਾਲੇ ਆਪਣੇ ਮਿਸ਼ਨ ਵਿੱਚ ਸੁਹਿਰਦਤਾ ਨਾਲ ਡੱਟੀ ਹੋਈ ਹੈ।

# ਡੋਨਾਲਡ ਟਰੰਪ ਨੇ ਅਮਰੀਕੀ ਕੰਪਨੀਆਂ ਨੂੰ ਰਿਸ਼ਵਤ ਦੇਣ ਤੋਂ ਰੋਕਣ ਵਾਲੇ ਕਾਨੂੰਨ 'ਤੇ ਲਗਾਈ ਰੋਕ



ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਤੋਂ ਪਹਿਲਾਂ ਹੀ ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ ਲਈ ਇੱਕ ਰਾਹਤ ਵਾਲੀ ਖ਼ਬਰ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਸ ਕਾਨੂੰਨ ਨੂੰ ਲਾਗੂ ਕਰਨ 'ਤੇ ਰੋਕ ਲਗਾ ਦਿੱਤੀ ਹੈ ਜੋ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਤੋਂ ਰੋਕਦਾ ਸੀ।

ਟਰੰਪ ਦਾ ਕਹਿਣਾ ਹੈ ਕਿ ਇਹ ਕਾਨੂੰਨ ਅਮਰੀਕੀ ਕੰਪਨੀਆਂ ਲਈ ਨੁਕਸਾਨਦੇਹ ਹੈ। ਇਸ ਫੈਸਲੇ ਤੋਂ ਬਾਅਦ, ਮੰਗਲਵਾਰ ਨੂੰ ਅਡਾਨੀ ਗਰੁੱਪ ਦੇ ਸਾਰੇ ਸੂਚੀਬੱਧ ਸ਼ੇਅਰਾਂ ਵਿੱਚ ਚੰਗਾ ਵਾਧਾ ਦੇਖਣ ਨੂੰ ਮਿਲਿਆ। ਟਰੰਪ ਨੇ FCPA (ਵਿਦੇਸ਼ੀ ਭ੍ਰਿਸ਼ਟ ਅਭਿਆਸ ਐਕਟ) ਨੂੰ ਲਾਗੂ ਕਰਨ ਵਿੱਚ ਢਿੱਲ ਦੇਣ ਦਾ ਆਦੇਸ਼ ਦਿੱਤਾ ਹੈ। ਮੋਦੀ 12 ਫਰਵਰੀ ਤੋਂ 13 ਫਰਵਰੀ ਤੱਕ ਅਮਰੀਕਾ ਦੇ ਦੌਰੇ 'ਤੇ ਰਹਿਣਗੇ। ਇਸ ਦੌਰਾਨ ਉਹ ਟਰੰਪ ਨਾਲ ਵੀ ਮੁਲਾਕਾਤ ਕਰਨਗੇ।

### ਕਿਹੜੇ ਨਿਰਦੇਸ਼ ਦਿੱਤੇ ਗਏ ਸਨ?

ਟਰੰਪ ਨੇ ਅਟਾਰਨੀ ਜਨਰਲ ਪਾਮੇਲਾ ਬੋਂਡੀ ਨੂੰ ਨਿਰਦੇਸ਼ ਦਿੱਤਾ ਹੈ ਕਿ ਜਦੋਂ ਤੱਕ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਨਹੀਂ ਹੁੰਦੇ, ਉਦੋਂ ਤੱਕ ਕਾਨੂੰਨ ਤਹਿਤ ਕੋਈ ਕਾਰਵਾਈ ਨਾ ਕੀਤੀ ਜਾਵੇ। ਇਹ ਦਿਸ਼ਾ-ਨਿਰਦੇਸ਼ ਇੱਕ ਤੱਥ ਸ਼ੀਟ ਵਿੱਚ ਦਿੱਤੇ ਗਏ ਹਨ। ਇਸ ਤੋਂ ਇਲਾਵਾ, FCPA ਅਧੀਨ ਸਾਰੀਆਂ ਮੌਜੂਦਾ ਅਤੇ ਪਿਛਲੀਆਂ ਕਾਰਵਾਈਆਂ ਦੀ ਸਮੀਖਿਆ ਕੀਤੀ ਜਾਵੇਗੀ। ਵ੍ਹਾਈਟ ਹਾਊਸ ਦੇ ਇੱਕ ਬਿਆਨ ਦੇ ਅਨੁਸਾਰ, 1977 ਵਿੱਚ ਲਾਗੂ ਹੋਣ ਤੋਂ ਬਾਅਦ ਇਸ ਕਾਨੂੰਨ ਦੀ ਕਈ ਤਰੀਕਿਆਂ ਨਾਲ ਦੁਰਵਰਤੋਂ ਕੀਤੀ ਗਈ ਹੈ। ਇਸ ਨਾਲ ਅਮਰੀਕਾ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਦਾ ਹੈ।

### FCPA ਕੀ ਹੈ?

FCPA ਕਿਸੇ ਵੀ ਅਮਰੀਕੀ ਕੰਪਨੀ ਜਾਂ ਵਿਅਕਤੀ ਨੂੰ ਵਿਦੇਸ਼ ਵਿੱਚ ਕਾਰੋਬਾਰ ਪ੍ਰਾਪਤ ਕਰਨ ਲਈ ਵਿਦੇਸ਼ੀ ਅਧਿਕਾਰੀਆਂ ਨੂੰ ਪੈਸੇ ਜਾਂ ਤੋਹਫ਼ੇ ਦੇਣ ਤੋਂ ਵਰਜਦਾ ਹੈ। ਟਰੰਪ ਆਪਣੇ ਪਹਿਲੇ ਕਾਰਜਕਾਲ ਦੌਰਾਨ ਇਸ ਕਾਨੂੰਨ ਨੂੰ ਖਤਮ ਕਰਨ 'ਤੇ ਵਿਚਾਰ ਕਰ ਰਹੇ ਸਨ।

### ਅਮਰੀਕੀ ਕਾਨੂੰਨਸਾਜ਼ਾਂ ਨੇ ਲਿਖਿਆ ਇੱਕ ਪੱਤਰ

ਇਸ ਤੋਂ ਪਹਿਲਾਂ, ਅਮਰੀਕੀ ਸੰਸਦ ਦੇ ਛੇ ਮੈਂਬਰਾਂ ਨੇ ਨਵੀਂ ਅਟਾਰਨੀ ਜਨਰਲ ਪਾਮੇਲਾ ਬੋਂਡੀ ਨੂੰ ਇੱਕ ਪੱਤਰ ਲਿਖਿਆ ਸੀ। ਇਸ ਵਿੱਚ, ਉਸਨੇ ਅਮਰੀਕੀ ਨਿਆਂ ਵਿਭਾਗ (DOJ) ਦੁਆਰਾ ਜੋਅ ਬਿਡੇਨ ਦੇ ਕਾਰਜਕਾਲ ਦੌਰਾਨ ਅਡਾਨੀ ਸਮੂਹ ਵਿਰੁੱਧ ਲਏ ਗਏ 'ਸ਼ੱਕੀ' ਫੈਸਲਿਆਂ ਦੀ ਸਮੀਖਿਆ ਦੀ ਮੰਗ ਕੀਤੀ ਸੀ। ਸੰਸਦ ਮੈਂਬਰਾਂ ਨੇ ਦਾਅਵਾ ਕੀਤਾ ਕਿ ਅਡਾਨੀ ਸਮੂਹ ਵਿਰੁੱਧ ਮੁਕੱਦਮੇ ਨੇ ਭਾਰਤ ਨਾਲ ਸਬੰਧਾਂ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ।

### ਅਡਾਨੀ ਮਾਮਲਾ ਕੀ ਹੈ?

ਨਵੰਬਰ 2024 ਵਿੱਚ ਨਿਊਯਾਰਕ ਦੀ ਇੱਕ ਅਦਾਲਤ ਵਿੱਚ ਗੌਤਮ ਅਡਾਨੀ ਅਤੇ ਉਸਦੇ ਭਤੀਜੇ ਸਾਗਰ ਅਡਾਨੀ ਸਮੇਤ ਸੱਤ ਲੋਕਾਂ ਵਿਰੁੱਧ ਕੇਸ ਦਾਇਰ ਕੀਤਾ ਗਿਆ ਸੀ। ਇਹ ਸਾਰੇ ਲੋਕ ਅਡਾਨੀ ਗਰੁੱਪ ਦੇ ਊਰਜਾ ਪਲਾਂਟ ਅਡਾਨੀ ਗ੍ਰੀਨ ਐਨਰਜੀ ਲਿਮਟਿਡ ਦੇ ਡਾਇਰੈਕਟਰ ਹਨ। ਸਰਕਾਰੀ ਵਕੀਲਾਂ ਦੇ ਅਨੁਸਾਰ, ਸੂਰਜੀ ਊਰਜਾ ਦੇ ਠੇਕੇ ਪ੍ਰਾਪਤ ਕਰਨ ਲਈ ਭਾਰਤ ਦੇ ਸਰਕਾਰੀ ਅਧਿਕਾਰੀਆਂ ਨੂੰ ਕਥਿਤ ਤੌਰ 'ਤੇ 265 ਮਿਲੀਅਨ ਡਾਲਰ ਦੀ ਰਿਸ਼ਵਤ ਦਿੱਤੀ ਗਈ ਸੀ। ਇਹ ਮਿਲੀਭੁਗਤ ਅਮਰੀਕਾ ਦੀ ਸੂਚੀਬੱਧ ਕੰਪਨੀ ਅਜ਼ੁਰ ਪਾਵਰ ਦੇ ਅਧਿਕਾਰੀਆਂ ਨਾਲ ਕੀਤੀ ਗਈ ਸੀ। ਇਸ ਮਾਮਲੇ ਵਿੱਚ, ਅਦਾਲਤ ਨੇ ਅਡਾਨੀ ਅਤੇ ਉਸਦੇ ਭਤੀਜੇ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ। ਇਹ ਵਿਦੇਸ਼ੀ ਭ੍ਰਿਸ਼ਟ ਅਭਿਆਸ ਐਕਟ (FCPA) ਦੇ ਤਹਿਤ ਇੱਕ ਸਜ਼ਾਯੋਗ ਅਪਰਾਧ ਹੈ।

# ਸੁਖਬੀਰ ਬਾਦਲ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਦਾ ਵੱਡਾ ਬਿਆਨ



ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸੇਵਾਵਾਂ ਖਤਮ ਹੋਣ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਉੱਤੇ ਨਿਸ਼ਾਨੇ ਸਾਧੇ ਹਨ। ਉਨ੍ਹਾਂ ਨੇ ਇਕ ਸਮਾਗਮ ਵਿੱਚ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਨਾ ਮੰਨ ਸ੍ਰੀ ਅਕਾਲ ਤਖ਼ਤ ਸਾਹਿਬ ਵਿੱਚ ਟੱਕਰ ਮਾਰੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਜਿਸ ਨੇ ਵੀ ਅਕਾਲ ਤਖ਼ਤ ਸਾਹਿਬ ਨਾਲ ਮੱਥਾ ਲਗਾਇਆ ਹੈ ਉਹ ਬਖਸ਼ਿਆ ਨਹੀਂ ਗਿਆ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਤੋਂ ਸ੍ਰੋਮਣੀ ਅਕਾਲੀ ਦਲ ਭਗੌੜਾ ਹੈ। ਉਨ੍ਹਾਂ ਨੇ ਕਿਹਾ, ਇਹ ਸ਼ੋਮਣੀ ਅਕਾਲੀ ਦਲ ਨਹੀਂ ਇਹ ਭਗੌੜਾ ਦਲ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦਲ ਦੀ ਭਰਤੀ ਲਈ 7 ਮੈਂਬਰੀ ਕਮੇਟੀ ਨੂੰ ਹੁਕਮ ਦਿੱਤਾ ਸੀ ਨਾ ਕਿ ਅਕਾਲੀ ਦਲ ਦੀ ਵਰਕਿੰਗ ਕਮੇਟੀ ਜਾਂ ਅਕਾਲੀ ਦਲ ਨੂੰ। ਉਨ੍ਹਾਂ ਨੇ ਕਿਹਾ ਹੈ ਕਿ 7 ਮੈਂਬਰੀ ਕਮੇਟੀ ਨੂੰ ਅੱਖੋ ਪਰੋਖੇ ਕੀਤਾ ਜਾ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਜਿਹੜਾ ਵੀ ਤਖ਼ਤਾਂ ਦੇ ਹੁਕਮਾਂ ਨੂੰ ਨਹੀਂ ਮੰਨਦਾ ਉਸ ਦਾ ਅਸ਼ਰ ਬਹੁਤ ਬੁਰਾ ਹੁੰਦਾ ਹੈ। ਜੋ ਵੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਇਆ ਹੈ ਉਹ ਖ਼ਤਮ ਹੋਇਆ ਹੈ। ਗਿਆਨੀ ਨੇ ਇਤਿਹਾਸ ਵਿਚੋਂ ਉਦਾਹਰਣ ਦਿੰਦੇ ਹੋਏ ਕਿਹਾ ਹੈ ਕਿ ਸ਼ਰਾਬੀ ਹਾਥੀ ਜਦੋਂ ਸਿੰਘ ਵੱਲ ਆਇਆ ਤਾਂ ਭਾਈ ਬਚਿੱਤਰ ਸਿੰਘ ਨੇ ਮਾਰ ਦਿੱਤਾ ਸੀ ਇਵੇ ਹੀ ਸੁਖਬੀਰ ਬਾਦਲ ਜਿਸ ਦਿਨ ਕੋਈ ਦਸਵੇਂ ਪਾਤਿਸ਼ਾਹ ਕੋਲੋਂ ਥਾਪੜਾ ਲੈ ਕੇ ਬੱਚਿਤਰ ਸਿੰਘ ਆ ਗਿਆ ਤਾਂ ਸੱਤੇ ਚੀਰ ਕੇ ਤੇਰੀ ਗਿੱਚੀ ਥਾਈਂ ਬਾਹਰ ਕੱਢ ਦੇਵੇਗਾ, ਜਿਹੜੇ ਤੈਨੂੰ ਢੂਡਾਂ ਮਾਰ ਰਹੇ ਹਨ ਇਹ ਸਭ ਤੋਂ ਪਹਿਲਾਂ ਰਗੜੇ ਜਾਣਗੇ"।

# ਆਉਣ ਵਾਲੇ ਦੋ ਸਾਲਾਂ 'ਚ ਅਸੀਂ ਪੰਜਾਬ ਨੂੰ ਇੱਕ ਅਜਿਹਾ ਮਾਡਲ ਬਣਾਵਾਂਗੇ ਜਿਸ ਵੱਲ ਪੂਰਾ ਦੇਸ਼ ਦੇਖੇਗਾ : CM ਭਗਵੰਤ ਮਾਨ



ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਹਾਰ ਤੋਂ ਬਾਅਦ ਅੱਜ ਦਿੱਲੀ ਵਿਚ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸਾਰੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੀ ਬੈਠਕ ਸੱਦੀ ਸੀ। ਇਹ ਬੈਠਕ ਕਪੂਰਥਲਾ ਹਾਊਸ ਵਿਖੇ ਹੋਈ ਅੱਧਾ ਘੰਟੇ ਚੱਲੀ ਮੀਟਿੰਗ ਵਿਚ ਕੇਜਰੀਵਾਲ ਨੇ ਸਾਰਿਆਂ ਨੂੰ ਇਕਜੁੱਟ ਹੋ ਕੇ ਪਾਰਟੀ ਨੂੰ ਅੱਗੇ ਵਧਾਉਣ ਦੀ ਨਸੀਹਤ ਦਿੱਤੀ। ਇਸੇ ਤਰ੍ਹਾਂ ਕੇਜਰੀਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਸਮੇਤ ਸਾਰੇ ਵਿਧਾਇਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਅੰਦਰ ਅਜਿਹਾ ਸ਼ਾਨਦਾਰ ਕੰਮ ਕਰਨ ਕਿ ਪੰਜਾਬ ਦੇ ਮਾਡਲ ਨੂੰ ਕੌਮੀ ਪੱਧਰ ਤਕ ਦੇਖਿਆ ਜਾਵੇ।

ਇਸੇ ਦੌਰਾਨ ਦਿੱਲੀ ਚੋਣਾਂ ਵਿਚ ਮਿਲੀ ਹਾਰ ਉੱਤੇ ਵੀ ਮੰਥਨ ਕੀਤਾ ਗਿਆ। ਅਤੇ ਕਿਹਾ ਗਿਆ ਕਿ ਭਾਵੇਂ ਭਾਜਪਾ ਨੇ ਸਾਰੀਆਂ ਸੰਸਥਾਵਾਂ ਵਰਤ ਕੇ ਅਤੇ ਗੁੰਡਾਗਰਦੀ ਦੇ ਸਹਾਰੇ ਚੋਣਾਂ ਜਿੱਤੀਆਂ ਹਨ ਅਤੇ ਫਿਰ ਵੀ ਲੋਕਾਂ ਦਾ ਫ਼ਤਵਾ ਸਿਰ ਮੱਥੇ ਹੈ ਅਤੇ ਅਸੀਂ ਲਗਾਤਾਰ ਲੋਕਾਂ ਦੀ ਸੇਵਾ ਕਰਦੇ ਰਹਾਂਗੇ। ਮੀਟਿੰਗ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭਾਵੇਂ ਪਿਛਲੇ ਪੌਣੇ ਤਿੰਨ ਸਾਲਾਂ ਤੋਂ ਅਸੀਂ ਪੰਜਾਬ ਵਿਚ ਬਹੁਤ ਵਧੀਆ ਕੰਮ ਕੀਤੇ ਹਨ। ਪਰ ਹੁਣ ਅਸੀਂ ਪੰਜਾਬ ਨੂੰ ਹੋਰ ਤਰੱਕੀ ਦੀਆਂ ਲੀਹਾਂ ਉੱਤੇ ਲਿਜਾਣ ਲਈ ਡੱਟ ਕੇ ਉਪਰਾਲੇ ਕਰਾਂਗੇ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅਸੀਂ ਪੰਜਾਬ ਨੂੰ ਅਜਿਹਾ ਮਾਡਲ ਸੂਬਾ ਬਣਾਵਾਂਗੇ ਕਿ ਪੂਰਾ ਦੇਸ਼ ਇਸ ਨੂੰ ਦੇਖੇਗਾ। ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਦਿੱਲੀ ਅਤੇ ਪੰਜਾਬ ਸਰਕਾਰਾਂ ਵਿਚਕਾਰ ਹੋਇਆ ਗਿਆਨ ਸਾਂਝਾ ਕਰਨ ਦਾ ਸਮਝੌਤਾ ਜਾਰੀ ਰਹੇਗਾ। ਦਿੱਲੀ ਚੋਣਾਂ ਵਿੱਚ ਗੁੰਡਾਗਰਦੀ ਅਤੇ ਪੈਸੇ ਦੀ ਵਰਤੋਂ ਕੀਤੀ ਗਈ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, "ਦਿੱਲੀ ਚੋਣਾਂ ਵਿੱਚ ਗੁੰਡਾਗਰਦੀ ਅਤੇ ਪੈਸੇ ਦੀ ਵਰਤੋਂ ਕੀਤੀ ਗਈ। ਸਾਨੂੰ ਹਰ ਘੰਟੇ ਚੋਣ ਕਮਿਸ਼ਨ ਜਾਣਾ ਪੈਂਦਾ ਸੀ। ਉਨ੍ਹਾਂ ਨੂੰ ਦੱਸਣਾ ਪਿਆ ਕਿ ਉਹ ਜੈਕਟਾਂ ਅਤੇ ਪੈਸੇ ਵੰਡ ਰਹੇ ਸਨ।" ਕਾਂਗਰਸੀ ਆਗੂ ਪ੍ਰਤਾਪ ਬਾਜਵਾ ਦੇ ਬਿਆਨ ਉੱਤੇ ਪਲਟਵਾਰ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਬਾਜਵਾ ਸਾਡੇ ਵਿਧਾਇਕਾਂ ਦੀ ਗਿਣਤੀ ਨਾ ਕਰਨ ਉਹ ਇਹ ਦੱਸਣ ਕਿ ਦਿੱਲੀ ਵਿੱਚ ਉਨ੍ਹਾਂ ਦੇ ਕਿੰਨੇ ਵਿਧਾਇਕ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਵਿੱਚ ਆਉਣ ਜਾਣ ਦਾ ਸੱਭਿਆਚਾਰ ਹੈ ਇਸੇ ਲਈ ਉਹ ਅਜਿਹੀਆਂ ਗੱਲਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਖੂਨ-ਪਸੀਨੇ ਨਾਲ ਪਾਰਟੀ ਬਣਾਈ ਹੈ ਤੇ ਪਾਰਟੀ ਨੂੰ ਕੋਈ ਵੀ ਵਰਕਰ ਦਗਾ ਨਹੀਂ ਦੇ ਸਕਦਾ।

# ਪੰਚਾਇਤ ਵੱਲੋਂ ਬਣਾਈ ਗਲੀ 'ਤੇ ਵਿਵਾਦ ਨੂੰ ਲੈ ਕੇ ਸਰਪੰਚ ਦੇ ਭਰਾ ਦਾ ਗੋਲੀਆਂ ਮਾਰ ਕੇ ਕਤਲ

ਗੁਰਦਾਸਪੁਰ: ਗੁਰਦਾਸਪੁਰ ਦੇ ਪਿੰਡ ਸ਼ਹੂਰ ਵਿੱਚ ਪੰਚਾਇਤ ਵੱਲੋਂ ਬਣਾਈ ਜਾ ਰਹੀ ਗਲੀ ਨੂੰ ਲੈ ਕੇ ਵਿਵਾਦ ਹੋਇਆ। ਵਿਵਾਦ ਦੌਰਾਨ ਪਿੰਡ ਦੇ ਹੀ ਵਿਅਕਤੀ ਨੇ ਆਮ ਆਦਮੀ ਪਾਰਟੀ ਦੇ ਸਰਪੰਚ ਦੇ ਭਰਾ ਨੂੰ ਘੇਰ ਕੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਪੰਚਾਇਤ ਵੱਲੋਂ ਬਣਾਈ ਜਾ ਰਹੀ ਗਲੀ ਨੂੰ ਲੈਕੇ ਹੋਵੇ ਵਿਵਾਦ ਤੋਂ ਬਾਅਦ ਪਿੰਡ ਦੇ ਇਕ ਵਿਅਕਤੀ ਲਵਪ੍ਰੀਤ ਸਿੰਘ ਫੌਜੀ ਨੇ ਆਮ ਆਦਮੀ ਪਾਰਟੀ ਦੇ ਸਰਪੰਚ ਗੁਰਵਿੰਦਰ ਸਿੰਘ ਦੇ ਛੋਟੇ ਭਰਾ ਨਿਰਮਲ ਸਿੰਘ ਨੂੰ ਰਸਤੇ ਵਿੱਚ ਕਲਾਨੌਰ ਦੀ ਗਊਸ਼ਾਲਾ ਨੇੜੇ ਘੇਰ ਕੇ ਗੋਲੀਆਂ ਮਾਰੀਆਂ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਨਿਰਮਲ ਸਿੰਘ ਦੇ ਚਚੇਰੇ ਭਰਾ ਮੋਹਨ ਸਿੰਘ ਨੇ ਦੱਸਿਆ ਕਿ ਉਹਨਾ ਦਾ ਵੱਡਾ ਭਰਾ ਪਿੰਡ ਸ਼ਹੂਰ ਖੁਰਦ ਦਾ ਸਰਪੰਚ ਹੈ ਅਤੇ ਉਨ੍ਹਾਂ ਨੇ ਪਿੰਡ ਵਿੱਚ ਇੱਕ ਗਲੀ ਬਣਾ ਰਹੇ ਸਨ ਇਸ ਗਲੀ ਨੂੰ ਪਿੰਡ ਦਾ ਹੀ ਇੱਕ ਵਿਅਕਤੀ ਲਵਪ੍ਰੀਤ ਸਿੰਘ ਫੌਜੀ ਰੋਕਦਾ ਸੀ ਜਿਸ ਨੂੰ ਲੈ ਕੇ ਉਹਨਾਂ ਦੀ ਰੰਜਿਸ਼ ਚੱਲ ਰਹੀ ਸੀ। ਉਨ੍ਹਾਂ ਨੇ ਕਿਹਾ ਹੈ ਕਿ ਇਸੇ ਰੰਜਿਸ਼ ਦੇ ਤਹਿਤ ਫੌਜੀ ਨੇ ਸਰਪੰਚ ਦੇ ਭਰਾ ਨਿਰਮਲ ਸਿੰਘ ਨੂੰ ਕਲਾਨੌਰ ਦੀ ਗਊਸ਼ਾਲਾ ਦੇ ਨੇੜੇ ਘੇਰ ਕੇ ਤਾਬੜ ਤੋੜ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਵਿੱਚ ਨਿਰਮਲ ਸਿੰਘ ਦੀ ਮੌਕੇ ਤੇ ਮੌਤ ਹੋ ਗਈ।









# ਇਹ ਪ੍ਰੇਸ਼ਾਨੀਆਂ ਹੋ ਸਕਦੀਆਂ ਹਨ ਸਿਰਦਰਦ ਦਾ ਕਾਰਨ



ਸਿਰ ਦਰਦ ਇੱਕ ਆਮ ਸਮੱਸਿਆ ਹੈ, ਜੋ ਕਿਸੇ ਵੀ ਉਮਰ ਦੇ ਵਿਅਕਤੀ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਹ ਕਦੇ-ਕਦੇ ਹਲਕੇ ਅਤੇ ਥੋੜ੍ਹੇ ਸਮੇਂ ਲਈ ਹੁੰਦਾ ਹੈ, ਪਰ ਕੁਝ ਲੋਕਾਂ ਨੂੰ ਇਹ ਸਮੱਸਿਆ ਵਾਰ-ਵਾਰ ਅਤੇ ਗੰਭੀਰ ਰੂਪ ਵਿੱਚ ਹੁੰਦੀ ਹੈ। ਜੇਕਰ ਤੁਸੀਂ ਵੀ ਅਕਸਰ ਸਿਰਦਰਦ ਤੋਂ ਪਰੇਸ਼ਾਨ ਰਹਿੰਦੇ ਹੋ, ਤਾਂ ਇਹ ਕੁਝ ਛੁਪੀ ਹੋਈ ਸਿਹਤ ਸਮੱਸਿਆਵਾਂ (Frequent Headaches Causes) ਦਾ ਸੰਕੇਤ ਹੋ ਸਕਦਾ ਹੈ। ਆਓ ਜਾਣਦੇ ਹਾਂ ਅਕਸਰ ਸਿਰ ਦਰਦ ਦੇ ਪਿੱਛੇ ਕਿਹੜੀਆਂ 7 ਸਮੱਸਿਆਵਾਂ (Headache Risk Factors) ਹੋ ਸਕਦੀਆਂ ਹਨ।

**ਤਣਾਅ ਅਤੇ ਚਿੰਤਾ**

ਤਣਾਅ ਅਤੇ ਚਿੰਤਾ ਆਧੁਨਿਕ ਜੀਵਨ ਸ਼ੈਲੀ ਦੀਆਂ ਸਭ ਤੋਂ ਵੱਡੀਆਂ ਸਮੱਸਿਆਵਾਂ ਵਿੱਚੋਂ ਇੱਕ ਹੈ। ਜਦੋਂ ਅਸੀਂ ਤਣਾਅ ਵਿੱਚ ਹੁੰਦੇ ਹਾਂ, ਤਾਂ ਸਾਡੇ ਸਰੀਰ ਦੀਆਂ ਮਾਸਪੇਸ਼ੀਆਂ ਤਣਾਅਪੂਰਨ ਹੋ ਜਾਂਦੀਆਂ ਹਨ, ਖਾਸ ਕਰਕੇ ਗਰਦਨ ਅਤੇ ਸਿਰ । ਇਹ ਤਣਾਅ ਸਿਰ ਦਰਦ ਦਾ ਕਾਰਨ ਬਣ ਸਕਦਾ ਹੈ, ਜੋ ਅਕਸਰ ਲੰਬੇ ਸਮੇਂ ਤੱਕ ਜਾਰੀ ਰਹਿੰਦਾ ਹੈ। ਤਣਾਅ ਵਾਲਾ ਸਿਰ ਦਰਦ ਆਮ ਤੌਰ 'ਤੇ ਸਿਰ ਦੇ ਦੋਵੇਂ ਪਾਸੇ ਥੋੜ੍ਹਾ ਜਿਹਾ ਦਬਾਅ ਜਾਂ ਦਰਦ ਮਹਿਸੂਸ ਹੁੰਦਾ ਹੈ।

**ਨੀਂਦ ਦੀ ਕਮੀ**

ਚੰਗੀ ਨੀਂਦ ਸਰੀਰ ਲਈ ਬਹੁਤ ਜ਼ਰੂਰੀ ਹੈ। ਨੀਂਦ ਦੀ ਕਮੀ ਜਾਂ ਅਨਿਯਮਿਤ ਨੀਂਦ ਕਾਰਨ ਸਿਰ ਦਰਦ ਹੋ ਸਕਦਾ ਹੈ। ਜਦੋਂ ਅਸੀਂ ਪੂਰੀ ਨੀਂਦ ਨਹੀਂ ਲੈਂਦੇ ਹਾਂ, ਤਾਂ ਸਰੀਰ ਵਿੱਚ ਹਾਰਮੋਨਲ ਅਸੰਤੁਲਨ ਹੋ ਜਾਂਦਾ ਹੈ, ਜਿਸ ਕਾਰਨ ਮਾਈਗਰੇਨ ਜਾਂ ਤਣਾਅ ਸਿਰ ਦਰਦ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਲਈ ਰੋਜ਼ਾਨਾ 7-8 ਘੰਟੇ ਦੀ ਡੂੰਘੀ ਨੀਂਦ ਲੈਣਾ ਜ਼ਰੂਰੀ ਹੈ।

**ਡੀਹਾਈਡਰੇਸ਼ਨ (ਪਾਣੀ ਦੀ ਕਮੀ)**

ਸਰੀਰ ਵਿੱਚ ਪਾਣੀ ਦੀ ਕਮੀ ਵੀ ਸਿਰਦਰਦ ਦਾ ਇੱਕ ਅਹਿਮ ਕਾਰਨ ਹੈ। ਡੀਹਾਈਡਰੇਸ਼ਨ ਦਿਮਾਗ ਨੂੰ ਖ਼ੂਨ ਦੇ ਪ੍ਰਵਾਹ ਨੂੰ ਘਟਾਉਂਦੀ ਹੈ, ਜਿਸ ਨਾਲ ਸਿਰ ਦਰਦ ਹੋ ਸਕਦਾ ਹੈ। ਜੇਕਰ ਤੁਸੀਂ ਪਾਣੀ ਦੀ ਸਹੀ ਮਾਤਰਾ ਨਹੀਂ ਪੀਂਦੇ ਹੋ ਤਾਂ ਇਹ ਸਮੱਸਿਆ ਵਾਰ-ਵਾਰ ਹੋ ਸਕਦੀ ਹੈ। ਇਸ ਲਈ ਦਿਨ ਭਰ ਵਿਚ ਘੱਟੋ-ਘੱਟ 8-10 ਗਿਲਾਸ ਪਾਣੀ ਪੀਣਾ ਚਾਹੀਦਾ ਹੈ।

**ਅੱਖਾਂ ਦੀ ਸਮੱਸਿਆ**

ਅੱਖਾਂ ਦੀਆਂ ਸਮੱਸਿਆਵਾਂ ਜਿਵੇਂ ਕਿ ਅੱਖਾਂ ਦੀ ਕਮਜ਼ੋਰੀ, ਅੱਖਾਂ ਵਿੱਚ ਖਿਚਾਅ ਜਾਂ ਕੰਪਿਊਟਰ ਸਕ੍ਰੀਨ ਦੇ ਸਾਹਮਣੇ ਲੰਬੇ ਸਮੇਂ ਤੱਕ ਕੰਮ ਕਰਨਾ ਵੀ ਸਿਰਦਰਦ ਦਾ ਕਾਰਨ ਬਣ ਸਕਦਾ ਹੈ। ਅੱਖਾਂ ਦੀਆਂ ਮਾਸਪੇਸ਼ੀਆਂ 'ਤੇ ਜ਼ਿਆਦਾ ਦਬਾਅ ਸਿਰ ਦਰਦ ਦਾ ਕਾਰਨ ਬਣ ਸਕਦਾ ਹੈ। ਇਸ ਲਈ, ਅੱਖਾਂ ਦੀ ਨਿਯਮਤ ਜਾਂਚ ਕਰਵਾਉਣਾ ਅਤੇ ਸਕ੍ਰੀਨ ਸਮੇਂ ਨੂੰ ਘਟਾਉਣਾ ਮਹੱਤਵਪੂਰਨ ਹੈ।

**ਮਾਈਗ੍ਰੇਨ**

ਮਾਈਗ੍ਰੇਨ ਇੱਕ ਗੰਭੀਰ ਕਿਸਮ ਦਾ ਸਿਰ ਦਰਦ ਹੈ, ਜਿਸ ਵਿੱਚ ਅਕਸਰ ਗੰਭੀਰ ਦਰਦ, ਉਲਟੀਆਂ, ਚੱਕਰ ਆਉਣੇ, ਅਤੇ ਰੋਸ਼ਨੀ ਜਾਂ ਆਵਾਜ਼ ਪ੍ਰਤੀ ਸੰਵੇਦਨਸ਼ੀਲਤਾ ਹੁੰਦੀ ਹੈ। ਮਾਈਗ੍ਰੇਨ ਸਿਰ ਦੇ ਇੱਕ ਪਾਸੇ ਗੰਭੀਰ ਦਰਦ ਦਾ ਕਾਰਨ ਬਣਦਾ ਹੈ ਅਤੇ ਕਈ ਘੰਟਿਆਂ ਤੋਂ ਕਈ ਦਿਨਾਂ ਤੱਕ ਰਹਿ ਸਕਦਾ ਹੈ। ਮਾਈਗ੍ਰੇਨ ਦੇ ਕਾਰਨਾਂ ਵਿੱਚ ਤਣਾਅ, ਹਾਰਮੋਨਲ ਬਦਲਾਅ, ਕੁਝ ਖਾਸ ਭੋਜਨ ਅਤੇ ਮੌਸਮ ਵਿੱਚ ਬਦਲਾਅ ਸ਼ਾਮਲ ਹਨ।

**ਹਾਈ ਬਲੱਡ ਪ੍ਰੈਸ਼ਰ**

ਹਾਈ ਬਲੱਡ ਪ੍ਰੈਸ਼ਰ ਵੀ ਸਿਰ ਦਰਦ ਦਾ ਇੱਕ ਮਹੱਤਵਪੂਰਨ ਕਾਰਨ ਹੋ ਸਕਦਾ ਹੈ। ਜਦੋਂ ਬਲੱਡ ਪ੍ਰੈਸ਼ਰ ਵਧਦਾ ਹੈ, ਤਾਂ ਸਿਰ ਵਿੱਚ ਖ਼ੂਨ ਦਾ ਦਬਾਅ ਵਧ ਜਾਂਦਾ ਹੈ, ਜਿਸ ਨਾਲ ਸਿਰ ਦਰਦ ਹੋ ਸਕਦਾ ਹੈ। ਇਹ ਦਰਦ ਆਮ ਤੌਰ 'ਤੇ ਸਿਰ ਦੇ ਪਿਛਲੇ ਪਾਸੇ ਮਹਿਸੂਸ ਕੀਤਾ ਜਾਂਦਾ ਹੈ ਅਤੇ ਸਵੇਰ ਵੇਲੇ ਇਹ ਜ਼ਿਆਦਾ ਗੰਭੀਰ ਹੋ ਸਕਦਾ ਹੈ। ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਨਿਯਮਤ ਕਸਰਤ ਅਤੇ ਸਿਹਤਮੰਦ ਖ਼ੁਰਾਕ ਜ਼ਰੂਰੀ ਹੈ।

**ਬ੍ਰੇਨ ਟਿਊਮਰ**

ਵਾਰ-ਵਾਰ ਸਿਰ ਦਰਦ ਹੋਣਾ ਵੀ ਬ੍ਰੇਨ ਟਿਊਮਰ ਦਾ ਸੰਕੇਤ ਹੋ ਸਕਦਾ ਹੈ। ਸਿਰ ਦਰਦ ਵੀ ਬ੍ਰੇਨ ਟਿਊਮਰ ਦੇ ਸਭ ਤੋਂ ਆਮ ਲੱਛਣਾਂ ਵਿੱਚੋਂ ਇੱਕ ਹੈ। ਇਸ ਲਈ ਜੇਕਰ ਅਕਸਰ ਸਿਰ ਦਰਦ ਦੀ ਸਮੱਸਿਆ ਰਹਿੰਦੀ ਹੈ ਤਾਂ ਡਾਕਟਰ ਦੀ ਸਲਾਹ ਲੈ ਕੇ ਜਾਂਚ ਕਰਵਾਉਣੀ ਜ਼ਰੂਰੀ ਹੈ।

# ਦੁਬਈ ਫਾਊਂਟੇਨ ਸ਼ੋਅ ਦੇ ਲਵੋ ਨਜ਼ਾਰੇ





**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

ਅੱਜ ਰਾਤ ਦੇ ਸਮੇਂ ਦੁਬਈ ਫਾਊਂਟੇਨ ਦੀਆਂ ਹਰਕਤਾਂ ਦਾ ਨਾ ਭੁੱਲਣ ਵਾਲਾ ਆਪਣੇ ਪਰਿਵਾਰ ਦੇ ਨਾਲ ਨਜ਼ਾਰਾ ਲਿਆ। ਦੁਬਈ ਫਾਊਂਟੇਨ ਸ਼ੋਅ ਦੁਨੀਆ ਦਾ ਸੱਭ ਤੋਂ ਚਮਕਦਾਰ ਅਤੇ ਪ੍ਰਭਾਵਸ਼ਾਲੀ ਝਰਨੇ ਦੇ ਪ੍ਰਦਰਸ਼ਨਾਂ ਵਿੱਚੋਂ ਇੱਕ ਹੈ। ਡਾਊਨਟਾਊਨ ਦੁਬਈ ਮਨੂ ਨੂੰ ਮੋਹ ਲੈਣ ਵਾਲਾ ਸੰਗੀਤ, ਰੌਸ਼ਨੀ ਅਤੇ ਪਾਣੀ ਦਾ ਸੰਗਮ, ਯਾਨਿ ਦੁਬਈ ਫਾਊਂਟੇਨ ਦੀਆਂ ਹਰਕਤਾਂ ਕੁੱਝ ਟਾਈਮ ਲਈ ਦੇਖਣ ਵਾਲੇ ਨੂੰ ਲਾੱਕ ਕਰ ਦਿੰਦੀਆਂ ਹਨ। ਇਹ ਫਾਊਨਟੇਂਨ ਦੁਨੀਆ ਦਾ ਸੱਭ ਤੋਂ ਉਚਾ ਪ੍ਰਦਰਸ਼ਨ ਕਰਨ ਵਾਲਾ ਫ਼ੁਹਾਰਾ ਹੈ। 900 ਫੁੱਟ ਤੋਂ ਵੱਧ ਦੀ ਲੰਬਾਈ 'ਤੇ-2 ਫੱਟਬਾਲ ਪਿੱਚਾਂ ਦੇ ਬਰਾਬਰ- ਦੁਬਈ ਫਾਊਨਟੇਂਨ 30 ਏਕੜ ਬੁਰਜ ਝੀਲ ਤੇ ਸਥਿਤ ਹੈ ਅਤੇ ਵੱਖ-ਵੱਖ ਧੁਨਾਂ ਦੀ ਸਲੈਕਸ਼ਨ ਕਰਦਾ ਹੈ। ਫਾਊਂਟੇਨ ਦਾ ਇੱਕ ਵਿਲੱਖਣ ਡਿਜ਼ਾਈਨ ਹੈ ਜਿਸ ਵਿੱਚ ਵੱਖੋ-ਵੱਖ ਅਕਾਰਾਂ ਦੇ ਪੰਜ ਚੱਕਰ ਅਤੇ 2 ਆਰਕਸ ਸ਼ਾਮਲ ਹਨ ਅਤੇ ਇਸ 'ਚ ਸ਼ਕਤੀਸ਼ਾਲੀ ਪਾਣੀ ਦੀਆਂ ਨੋਜ਼ਲਾਂ ਹਨ ਜੋ ਪਾਣੀ ਨੂੰ ਪ੍ਰਭਾਵਸ਼ਾਲੀ ਉਚਾਈਆਂ ਤੱਕ ਮਾਰਦੀਆਂ ਹਨ। 6,600 ਤੋਂ ਵੱਧ ਵੈੱਟ ਸੁਪਰ ਲਾਈਟਾਂ ਅਤੇ 25 ਰੰਗੀਨ ਪ੍ਰੋਜੈਕਟਰ 1,000 ਤੋਂ ਵੱਧ ਵੱਖ-ਵੱਖ ਪਾਣੀ ਦੇ ਸਮੀਕਰਨਾਂ ਦਾ ਇੱਕ ਵਿਜ਼ੁਅਲ ਸਪੈਕਟ੍ਰਮ ਬਣਾਉਂਦੇ ਹਨ। ਜਦੋਂ ਕਿ 50 ਕਲਰ ਪ੍ਰੋਜੈਕਟਰ ਕੁੱਲ 1.5 ਮਿਲੀਅਨ ਲੂਮੇਨ ਦੇ ਕੁੱਲ ਆਉਟਪੁੱਟ ਦੇ ਨਾਲ ਰੰਗ ਦਾ ਇੱਕ ਪੂਰਾ ਸਪੈਕਟ੍ਰਮ ਪ੍ਰਦਾਨ ਕਰਦੇ ਹਨ। ਇਹ ਫਾਉਂਟੇਨ ਕਲਾਸੀਕਲ ਤੋਂ ਲੈ ਕੇ ਸੱਮਕਾਲੀ ਅਰਬੀ ਅਤੇ ਵਿਸ਼ਵ ਸੰਗੀਤ ਤੱਕ ਵੱਖ-ਵੱਖ ਗੀਤਾਂ ਦੀ ਇੱਕ ਸ਼੍ਰੇਣੀ 'ਚ ਪ੍ਰਦਰਸ਼ਨ ਕਰਦਾ ਹੈ। ਜਦੋਂ ਚਾਲੂ ਹੁੰਦਾ ਹੈ, ਤਾਂ ਫੁਹਾਰੇ 'ਚ ਕਿਸੇ ਵੀ ਸਮੇਂ ਹਵਾ 'ਚ 22,000 ਗੈਲਨ ਤੋਂ ਵੱਧ ਪਾਣੀ ਹੁੰਦਾ ਹੈ। ਇਹ ਫੁਹਾਰਾ ਕੈਲੀਫੋਰਨੀਆ ਦੀ ਕੰਪਨੀ ਡਬਲਯੁਈਟੀ ਦੁਆਰਾ ਬਣਾਇਆ ਗਿਆ ਸੀ। ਜਿਸਨੇ ਲਾਸ ਵੇਗਾਸ 'ਚ ਬੇਲਾਜੀਓ ਹੋਟਲ ਦੇ ਸਾਹਮਣੇ ਸੰਗੀਤਕ ਫੁਹਾਰਾ ਵੀ ਡਿਜ਼ਾਇਨ ਕੀਤਾ ਸੀ।

8 ਮਈ 2009 ਨੂੰ ਦੁਬਈ ਮਾਲ ਦੇ ਉਦਘਾਟਨ ਸਮਾਰੋਹ ਦੇ ਨਾਲ ਸ਼ੁਰੂ ਕੀਤਾ ਗਿਆ ਸੀ। ਦੁਬਈ ਫਾਉਂਟੇਨ ਦਾ ਨਿਰਮਾਣ ਏਮਾਰ ਕੰਪਨੀ ਦੁਆਰਾ ਜੂਨ 2008 ਸ਼ੁਰੂ ਹੋਇਆ, ਅਤੇ 1 ਸਾਲ ਤੋਂ ਵੀ ਘੱਟ ਸਮੇਂ 'ਚ ਤਿਆਰ ਹੋ ਗਿਆ।





ਦੁਬਈ ਫਾਊਂਟੇਨ 'ਚ ਬਹੁਤ ਸਾਰੇ ਉੱਚ-ਪ੍ਰੈਸ਼ਰ ਵਾਟਰ ਜੈੱਟ ਹਨ, ਜਿਸ 'ਚ ਨਿਸ਼ਾਨੇਬਾਜ਼, ਓਰਸਮੈਨ ਅਤੇ ਵਾਟਰ ਰੋਬੋਟ ਸ਼ਾਮਲ ਹਨ। ਵਾਟਰ ਰੋਬੋਟ ਪਾਣੀ ਨੂੰ ਨੱਚਣ ਤੇ ਲਾ ਦਿੰਦਾ ਹੈ ਜਦੋਂ ਕਿ ਵੈਟ ਸ਼ੂਟਰ ਪਾਣੀ ਨੂੰ ਉਪਰ ਵੱਲ ਸ਼ੂਟ ਕਰਦੇ ਹਨ। ਸੁਪਰ ਸ਼ੂਟਰ, ਜੋ ਹਵਾ 'ਚ 73 ਮੀਟਰ ਤੱਕ ਜ਼ਿਆਦਾ ਦਬਾਅ ਹੇਠ ਪਾਣੀ ਨੂੰ ਸ਼ੂਟ ਕਰਦੇ ਹਨ ਅਥੇ ਐਕਸਟ੍ਰੀਮ ਸ਼ੂਟਰ, ਜੋ ਹਵਾ 'ਚ ਸੱਭ ਤੋਂ ਵੱਧ ਦਬਾਅ ਹੇਠ ਪਾਣੀ ਨੂੰ 500 ਫੁੱਟ ਤੱਕ ਸ਼ੂਟ ਕਰ ਸਕਦੇ ਹਨ। ਇਹ ਵੈਟ ਸ਼ੂਟਰ ਪਾਣੀ ਦੇ ਬਾਹਰ ਨਿਕਲਣ ਤੋਂ ਬਾਅਦ ਇੱਕ ਉੱਚੀ "ਬੂਮ" ਸ਼ੋਰ ਪੈਦਾ ਕਰਦੇ ਹਨ। ਹਰ ਸ਼ੋਅ ਦੌਰਾਣ ਐਕਸਟ੍ਰੀਮ ਸ਼ੂਟਰਾਂ ਦੀ ਘੱਟ ਤੋਂ ਘੱਟ ਵਰਤੋਂ ਕੀਤੀ ਜਾਂਦੀ ਹੈ ਕਿਉ ਕਿ ਹਵਾ 'ਚ ਪਾਣੀ ਨੂੰ ਸ਼ੂਟ ਕਰਨ ਲਈ ਲੋੜੀਂਦਾ ਦਬਾਅ ਅਤੇ ਊਰਜਾ ਬਣਾਉਣ 'ਚ ਬਹੁਤ ਸਮਾਂ ਲੱਗਦਾ ਹੈ।

- ਫਾਉਂਟੇਨ ਸ਼ੋਅ ਰੋਜ਼ਾਨਾ ਸ਼ਾਮ 6 ਵਜੇ ਤੋਂ ਰਾਤ 11 ਵਜੇ ਤੱਕ ਹਰ 30 ਮਿੰਟਾਂ 'ਤੇ ਚੱਲਦਾ ਹੈ। ਸ਼ੋਅ ਦਾ ਸਮਾਂ ਆਨਲਾਈਨ ਵੀ ਚੈਕ ਕੀਤਾ ਜਾ ਸਕਦਾ ਹੈ।
- ਦੁਨੀਆ ਭਰ 'ਚ ਮਸ਼ਹੂਰ ਇਸ ਦੁਬਈ ਫਾਊਂਟੇਨ ਸ਼ੋਅ ਨੂੰ ਬੱਚਿਆਂ ਤੋਂ ਲੈ ਕੇ ਹਰ ਉਮਰ ਦਾ ਵਿਅਕਤੀ ਅਨੰਦ ਲੈਂਦਾ ਹੈ ਅਤੇ ਇਹ ਸ਼ੋਅ ਜ਼ਿੰਦਗੀ ਭਰ ਲਈ ਯਾਦਗਾਰ ਬਣ ਜਾਂਦਾ ਹੈ।
- ਸ਼ੋਅ ਦੇ ਦੌਰਾਣ ਤੁਸੀਂ ਪਹਿਲਾਂ ਹੀ ਟਿਕਟ ਖਰੀਦ ਕੇ ਬੁਰਜ ਝੀਲ 'ਤੇ ਸਮੁੰਦਰੀ ਸਫਰ ਤੈਅ ਕਰਦੇ ਹੋਏ, ਦੁਬਈ ਫਾਉਂਟੇਨ ਲੇਕ ਰਾਈਡ ਦੇ ਨਾਲ ਵੀ ਇਸ ਸ਼ੋਅ ਦੇ ਸੁਨਹਿਰੀ ਪੱਲਾਂ ਦਾ ਅਨੰਦ ਲੈ ਸਕਦੇ ਹੋ। ਇਹ ਸਫਰ ਅਬਰਾ ਯਾਨਿ ਰਵਾਇਤੀ ਲੱਕੜ ਦੀ ਬਣੀ ਕਿਸ਼ਤੀ 'ਚ ਬੈਠ ਕੇ ਨਜ਼ਾਰੇ ਲੈ ਸਕਦੇ ਹੋ।
- ਦੁਬਈ ਫਾਉਂਟੇਨ ਸ਼ੋਅ ਦੀ ਕੋਈ ਟਿਕਟ ਨਹੀਂ ਹੈ। ਦੁਬਈ ਫਾਉਂਟੇਨ ਬੋਰਡਵਾਕ 'ਤੇ ਟੂਰਿਸਟ ਸੈਰ ਕਰਦੇ ਹੋਏ ਵੀ ਫਾਉਂਟੇਨ ਸ਼ੋਅ ਦਾ ਮਜ਼ਾ ਲਿਅ ਜਾ ਸਕਦਾ ਹੈ।
- ਕਿਹਾ ਜਾ ਸਕਦਾ ਹੈ ਕਿ ਦੁਬਈ ਫਾਉਂਟੇਨ ਸ਼ੋਅ ਕਦੇ ਨਾ ਭੁੱਲਣ ਵਾਲਾ ਅਨੁਭਵ ਦੇ ਕੇ ਜਾਂਦਾ ਹੈ।

# ਮੂੰਹ ਦੀ ਬਦਬੂ ਤੋਂ ਹੋ ਪ੍ਰੇਸ਼ਾਨ! ਤੁਹਾਡੀ ਰਸੋਈ 'ਚ ਹੈ ਇਸ ਦਾ ਪੱਕਾ ਇਲਾਜ

ਮੂੰਹ ਵਿੱਚੋਂ ਬਦਬੂ ਆਉਣੀ ਇੱਕ ਆਮ ਸਮੱਸਿਆ ਹੈ ਜੋ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਸਮੱਸਿਆ ਕਈ ਕਾਰਨਾਂ ਕਰਕੇ ਹੋ ਸਕਦੀ ਹੈ। ਜਿਵੇਂ ਕਿ ਬਰੈਸ਼ ਨਹੀਂ ਕਰਨਾ ਜਾਂ ਫਿਰ ਸਿਗਰਟ ਜ਼ਿਆਦਾ ਪੀਣੀ ਜਾਂ ਪਾਨ ਮਸਾਲਾ ਖਾਣ ਵਾਲਿਆਂ ਨੂੰ ਵੀ ਮੂੰਹ ਵਿੱਚੋਂ ਬਦਬੂ ਆਉਣ ਦੀ ਸਮੱਸਿਆ ਰਹਿੰਦੀ ਹੈ ਪਰ ਇੱਥੇ ਅਸੀਂ ਤੁਹਾਨੂੰ ਕੁਝ ਘਰੇਲੂ ਉਪਾਅ ਦੱਸਣ ਜਾ ਰਹੇ ਹਾਂ ਜੋ ਮੂੰਹ ਵਿੱਚੋਂ ਬਦਬੂ ਦੂਰ ਕਰਨ ਵਿੱਚ ਮਦਦ ਕਰ ਸਕਦੇ ਹਨ।

1. **ਅਜਵਾਇਣ:** ਅਜਵਾਇਣ ਇੱਕ ਕੁਦਰਤੀ ਮਾਊਥ ਫਰੈਸ਼ਨਰ ਹੈ। ਅਜਵਾਇਣ ਮੂੰਹ ਵਿੱਚੋਂ ਬਦਬੂ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦੀ ਹੈ। ਅਜਵਾਇਣ ਵਿੱਚ ਥਾਇਮੋਲ ਨਾਮਕ ਯੌਗਿਕ ਹੁੰਦਾ ਹੈ ਜੋ ਜੀਵਣਰੋਧਕ ਤੇ ਆਪਣੇ ਖਾਸ ਗੁਣਾ ਲਈ ਜਾਣਿਆਂ ਜਾਂਦਾ ਹੈ। ਇਸ ਨੂੰ ਚਬਾਓਣ ਨਾਲ ਬਦਬੂ ਦੂਰ ਹੋ ਸਕਦੀ ਹੈ। ਅਜਵਾਇਣ ਨੂੰ ਚਬਾਓਣ ਨਾਲ ਤੁਹਾਡਾ ਮੂੰਹ ਫਰੈਸ਼ ਰਹਿੰਦਾ ਹੈ।



2. **ਪੁਦੀਨਾ :** ਪੁਦੀਨਾ ਇੱਕ ਤਰ੍ਹਾਂ ਦਾ ਮਾਊਥ ਫਰੈਸ਼ਨਰ ਹੈ ਜੋ ਮੂੰਹ ਵਿੱਚੋਂ ਬਦਬੂ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦਾ ਹੈ। ਪੁਦੀਨੇ ਵਿੱਚ ਮੇਥੋਲ ਨਾਮਕ ਇੱਕ ਯੌਗਿਕ ਹੁੰਦਾ ਹੈ ਜੋ ਜੀਵਾਣੂਰੋਧਿਕ ਤੇ ਬਦਬੂ ਪੈਦਾ ਕਰਨ ਵਾਲੇ ਬੈਕਟੀਰੀਆ ਨੂੰ ਖ਼ਤਮ ਕਰਨ ਵਿੱਚ ਕਾਫ਼ੀ ਮਦਦ ਕਰਦਾ ਹੈ।

3. **ਲੌਂਗ :** ਲੌਂਗ ਮੂੰਹ ਵਿੱਚੋਂ ਬਦਬੂ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦਾ ਹੈ। ਲੌਂਗ ਵਿੱਚ ਯੂਜੇਨਲ ਨਾਮਕ ਗੁਣ ਹੁੰਦਾ ਹੈ ਜੋ ਮੂੰਹ ਦੀ ਬਦਬੂ ਨੂੰ ਦੂਰ ਕਰਨ ਵਿੱਚ ਕਾਫ਼ੀ ਮਦਦ ਕਰਦਾ ਹੈ। ਇਸ ਦੇ ਨਾਲ ਹੀ ਲੌਂਗ ਦੰਦਾਂ ਤੇ ਮਸੂੜਿਆਂ ਲਈ ਕਾਫ਼ੀ ਫਾਇਦੇਮੰਦ ਹੁੰਦੇ ਹਨ। ਲੌਂਗ ਚਬਾਉਣ ਨਾਲ ਤੁਹਾਡੇ ਦੰਦ ਤੇ ਮਸੂੜੇ ਮਜ਼ਬੂਤ ਰਹਿੰਦੇ ਹਨ।

4. **ਨਿੰਬੂ :** ਨਿੰਬੂ ਇੱਕ ਕੁਦਰਤੀ ਮਾਊਥ ਫਰੈਸ਼ਨਰ ਹੈ ਜੋ ਮੂੰਹ ਵਿੱਚੋਂ ਬਦਬੂ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦਾ ਹੈ। ਨਿੰਬੂ ਵਿੱਚ ਵਿਟਾਮਿਨ ਸੀ ਨਾਮ ਯੌਗਿਕ ਹੁੰਦਾ ਹੈ ਜੋ ਜੀਵਾਣੂਰੋਧਿਕ ਤੇ ਵਿਰੋਧੀ ਗੁਣਾਂ ਲਈ ਜਾਣਿਆਂ ਜਾਂਦਾ ਹੈ। ਨਿੰਬੂ ਮੂੰਹ ਦੀ ਬਦਬੂ ਨੂੰ ਤੇਜ਼ੀ ਨਾਲ ਦੂਰ ਕਰਦਾ ਹੈ ਇਸ ਨਾਲ ਤੁਹਾਡਾ ਮੂੰਹ ਫਰੈਸ਼ ਰਹਿੰਦਾ ਹੈ। ਇਨ੍ਹਾਂ ਘਰੇਲੂ ਉਪਾਆਂ ਦਾ ਉਪਯੋਗ ਕਰਨ ਤੋਂ ਪਹਿਲਾਂ ਤਹਾਨੂੰ ਇਹ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਜੇ ਤੁਹਾਨੂੰ ਕੋਈ ਸਿਹਤ ਸਮੱਸਿਆ ਹੈ ਤਾਂ ਆਪਣੇ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ।












# ਰਾਸ਼ੀਫਲ

ਮੇਖ : ਤੁਹਾਡਾ ਮਨਮਰਜੀ ਦਾ ਸੁਭਾਅ ਸਿਹਤ ਦੇ ਲਈ ਪਰੇਸ਼ਾਨੀ ਖੜੀ ਕਰ ਸਕਦਾ ਹੈ। ਜਿਨਾਂ ਲੋਕਾਂ ਨੇ ਜ਼ਮੀਨ ਖਰੀਦੀ ਸੀ ਅਤੇ ਹੁਣ ਉਸ ਨੂੰ ਵੇਚਣਾ ਚਾਹੁੰਦੇ ਹਨ ਉਨਾਂ ਨੂੰ ਅੱਜ ਚੰਗਾ ਖਰੀਦਦਾਰ ਮਿਲ ਸਕਦਾ ਹੈ ਅਤੇ ਜਮੀਨ ਵੇਚ ਕੇ ਚੰਗਾ ਮਿਲ ਸਕਦਾ ਹੈ। ਤੁਹਾਡਾ ਆਕਰਸ਼ਕ ਸੁਭਾਅ ਅਤੇ ਖੁਸ਼ਮਿਜ਼ਾਜ ਵਿਅਕਤਿਤਵ ਨਵੇਂ ਦੋਸਤ ਬਣਾਉਣ ਵਿਚ ਤੁਹਾਡੀ ਮਦਦ ਕਰੇਗਾ ਅਤੇ ਤੁਹਾਡੇ ਸੰਪਰਕ ਵਿਚ ਵਾਧਾ ਕਰੇਗਾ। ਅੱਜ ਰੋਮਾਂਸ ਦੇ ਨਜ਼ਰੀਏ ਤੋਂ ਜ਼ਿੰਦਗੀ ਬਹੁਤ ਜਟਿਲ ਹੈ। ਸਾਂਝੀਦਾਰੀ ਦੀਆਂ ਪਰਿਯੋਜਨਾਵਾਂ ਸਾਕਾਰਾਤਮਕ ਪਰਿਣਾਮ ਤੋਂ ਜ਼ਿਆਦਾ ਪਰੇਸ਼ਾਨੀਆਂ ਦੇਣਗੀਆਂ ਕੋਈ ਤੁਹਾਡੀ ਭੇਜਿਆ ਲਾਭ ਉਠਾ ਸਕਦਾ ਹੈ ਅਤੇ ਉਸ ਨੂੰ ਅਜਿਹਾ ਕਰਨ ਦੇਣ ਦੇ ਲਈ ਤੁਸੀ ਖੁਦ ਹੀ ਨਾਰਾਜ਼ ਹੋ ਸਕਦੇ ਹੋ। ਅੱਜ ਤੁਹਾਨੂੰ ਬਹੁਤ ਦਿਲਚਸਪ ਨਿੰਮਤਰਣ ਮਿਲਣਗੇ ਅਤੇ ਨਾਲ ਹੀ ਸਰਪਰਾਈਸ ਤੋਹਫਾ ਮਿਲ ਸਕਦਾ ਹੈ। ਤੁਸੀ ਸ਼ਾਇਦ ਆਪਣੇ ਜੀਵਨ ਸਾਥੀ ਵੱਲ ਧਿਆਨ ਨਾ ਦਿਉ ਪਰ ਦਿਨ ਦੇ ਅੰਤ ਵਿਚ ਤੁਸੀ ਮਹਿਸੂਸ ਕਰੋਂਗੇ ਕਿ ਉਹ ਤੁਹਾਡੇ ਲਈ ਪ੍ਰਬੰਧ ਕਰਨ ਵਿਚ ਰੁੱਝਿਆ ਹੋਇਆ ਸੀ।

ਬ੍ਰਿਸ਼ਭ: ਖਾਣ ਪੀਣ ਸਮੇਂ ਸਾਵਧਾਨ ਰਹੋ ਲਾਪਰਵਾਹੀ ਬਿਮਾਰੀ ਦੀ ਵਜਾਹ ਬਣ ਸਕਦੀ ਹੈ। ਆਪਣੇ ਜੀਵਨ ਸਾਥੀ ਨਾਲ ਮਿਲ ਕੇ, ਤਸੀ ਭਵਿੱਖ ਦੇ ਲਈ ਧੰਨ ਦੀ ਯੋਜਨਾ ਅਤੇ ਆਰਥਿਕਤਾ ਬਾਰੇ ਗੱਲਬਾਤ ਕਰ ਸਕਦੇ ਹੋ। ਆਮ ਬੰਦਿਆਂ ਨਾਲ ਵਿਅਕਤੀਗਤ ਗੱਲਾਂ ਨੂੰ ਵੰਡਣ ਤੋਂ ਬਚੋ। ਆਪਣੇ ਸਾਥੀ ਨੂੰ ਭਾਵਨਾਤਮਕ ਤੋਰ ਤੇ ਬਲੈਕਮੇਲ ਕਰਨ ਤੋਂ ਬਚੋ। ਆਪਣੇ ਚਾਰੋ ਤਰਫ ਹੋਣ ਵਾਲੀਆਂ ਗਤੀਵਿਧਿਆਂ ਦਾ ਧਿਆਨ ਰੱਖੋ ਕਿਉਂ ਕਿ ਤੁਹਾਡੇ ਕੰਮ ਦਾ ਕਰੈਡਿਟ ਕੋਈ ਹੋਰ ਲੈ ਸਕਦਾ ਹੈ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਲਈ ਸਮਾਂ ਕੱਢਣ ਦੀ ਸਖਤ ਲੋੜ ਹੈ ਇਸ ਕੰਮ ਨਾਲ ਉਨਾਂ ਦਾ ਮਾਨਸਿਕ ਤਣਾਅ ਵੱਧ ਸਕਦਾ ਹੈ। ਅੱਜ ਆਪਣੇ ਜੀਵਨ ਸਾਥੀ ਦਾ ਅਜਿਹਾ ਪਾਸਾ ਦੇਖਣ ਨੂੰ ਮਿਲ ਸਕਦਾ ਹੈ ਜੋ ਉਨਾਂ ਚੰਗਾ ਨਹੀਂ ਹੈ।

ਮਿਥੁਨ : ਬੇਕਾਰ ਦੀ ਗੱਲ ਕਰਕੇ ਆਪਣੀ ਉਰਜਾ ਨੂੰ ਨਾ ਗਵਾਉ ਯਾਦ ਰੱਖੋ ਕਿ ਵਾਦ ਵਿਵਾਦ ਤੋਂ ਕੁਝ ਹਾਸਿਲ ਨਹੀਂ ਹੋਣਾ। ਪਰੰਤੂ ਗਵਾਚਿਆ ਜ਼ਰੂਰ ਜਾਂਦਾ ਹੈ। ਜੇਕਰ ਤੁਸੀ ਆਪਣੀ ਰਚਨਾਤਮਕ ਪ੍ਰਤਿਭਾ ਨੂੰ ਸਹੀ ਤਰੀਕੇ ਨਾਲ ਇਸਤੇਮਾਲ ਕਰੋਂਗੇ ਤਾਂ ਉਹ ਕਾਫੀ ਲਾਭਦਾਇਕ ਸਾਬਿਤ ਹੋਵੇਗੀ। ਰਿਸ਼ਤੇਦਾਰ ਅਤੇ ਦੋਸਤਾਂ ਕੋਲੋਂ ਤੋਹਫੇ ਮਿਲਣਗੇ। ਅੱਜ ਤੁਸੀ ਆਪਣੇ ਕਿਸੇ ਵਾਅਦੇ ਨੂੰ ਪੂਰਾ ਨਹੀਂ ਕਰ ਸਕੋਂਗੇ ਜਿਸ ਨਾਲ ਤੁਹਾਡਾ ਪ੍ਰੇਮੀ ਬੁੜ ਬੁੜ ਹੋ ਸਕਦਾ ਹੈ। ਅੱਜ ਕੰਮ ਕਾਰ ਵਿਚ ਤੁਹਾਡੇ ਕਿਸੇ ਪੁਰਾਣੇ ਕੰਮ ਦੀ ਤਾਰੀਫ ਹੋ ਸਕਦੀ ਹੈ ਤੁਹਾਡੇ ਕੰਮ ਨੂੰ ਦੇਖਦੇ ਹੋਏ ਅੱਜ ਤੁਹਾਡੀ ਤਰੱਕੀ ਵੀ ਸੰਭਵ ਹੈ। ਕਾਰੋਬਾਰੀ ਅੱਜ ਅਨੁਭਵੀ ਲੋਕਾਂ ਨਾਲ ਕਾਰੋਬਾਰ ਨੂੰ ਅੱਗੇ ਵਧਾਉਣ ਦੀ ਸਲਾਹ ਦੇ ਸਕਦੇ ਹਨ ਅਜਿਹੇ ਲੋਕਾਂ ਨਾਲ ਜੁੜਨ ਤੋਂ ਬਚੋ ਜੋ ਤਹਾਡੀ ਪ੍ਰਤੀਸ਼ਠਾ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਜੇਕਰ ਤੁਹਾਡੇ ਜੀਵਨ ਸਾਥੀ ਦੀ ਸਿਹਤ ਦੇ ਚਲਦੇ ਕਿਸੇ ਨਾਲ ਮਿਲਣ ਦੀ ਯੋਜਨਾ ਰੱਦ ਹੋ ਜਾਵੇ ਤਾਂ ਚਿੰਤਾ ਨਾ ਕਰੋ ਤੁਸੀ ਨਾਲ ਜਿਆਦਾ ਸਮਾਂ ਗੁਜ਼ਾਰ ਸਕੋਂਗੇ।

ਕਰਕ : ਅਸਹਜਤਾ ਤੁਹਾਡੀ ਮਾਨਸਿਕ ਸ਼ਾਤੀ ਵਿਚ ਵਾਧਾ ਪੈਦਾ ਕਰ ਸਕਦੀ ਹੈ ਪਰੰਤੂ ਕੋਈ ਦੋਸਤ ਤੁਹਾਡੀ ਪਰੇਸ਼ਾਨੀਆਂ ਦੇ ਸਮਾਧਾਨ ਲਈ ਕਾਫੀ ਮਦਦਗਾਰ ਸਾਬਿਤ ਹੋਵੇਗ। ਤਣਾਅ ਤੋਂ ਬਚਨ ਲਈ ਸੰਗੀਤ ਦਾ ਸਹਾਰਾ ਲਵੋ। ਅੱਜ ਦੇ ਦਿਨ ਭੁੱਲ ਕੇ ਵੀ ਕਿਸੇ ਨੂੰ ਪੈਸਾ ਉਧਾਰ ਨਾ ਦਿਉ ਅਤੇ ਜੇਕਰ ਦੇਣਾ ਜਰੂਰੀ ਹੋਵੇ ਤਾਂ ਦੇਣ ਵਾਲੇ ਤੋਂ ਲਿਖਿਤ ਵਿਚ ਲਿਖਵਾ ਲਵੋ ਕੀ ਉਹ ਪੈਸਾ ਕਦੋਂ ਤੱਕ ਵਾਪਿਸ ਕਰੇਗਾ। ਬੱਚੇ ਅਤੇ ਪਰਿਵਾਰ ਦਿਨ ਦਾ ਕੇਂਦਰ ਬਿੰਦੂ ਰਹਿਣਗੇ। ਤੁਹਾਡੇ ਦਿਲ ਦੀ ਧੜਕਣ ਅੱਜ ਤੁਹਾਡੇ ਸਾਥੀ ਨਾਲ ਤਲ ਵਿਚ ਪਿਆਰ ਦਾ ਸੰਗੀਤ ਵਜਾਏਗੀ। ਕਾਰੋਬਾਰੀਆਂ ਨੂੰ ਆਪਣੇ ਕਾਰੋਬਾਰ ਦੇ ਪ੍ਰਸਤਾਵਾਂ ਬਾਰੇ ਜਾਣਕਾਰੀ ਕਿਸੇ ਨਾਲ ਸਾਂਝੀ ਨਹੀਂ ਕਰਨੀ ਚਾਹੀਦੀ। ਜੇਕਰ ਤੁਸੀ ਅਜਿਹਾ ਕਰਦੇ ਹੋ ਤਾਂ ਮੁਸ਼ਕਿਲ ਵਿਚ ਪੈ ਸਕਦੇ ਹੋ। ਅੱਜ ਤੁਸੀ ਸਾਰਾ ਦਿਨ ਨਵੇਂ ਵਿਚਾਰਾਂ ਨਾਲ ਭਰਪੂਰ ਰਹੋਂਗੇ ਤੁਸੀ ਜਿਨਾਂ ਕੰਮਾਂ ਨੂੰ ਕਰਨ ਦੇ ਲਈ ਚੁਣੋਂਗੇ ਉਹ ਤੁਹਾਡੀ ਉਮੀਦ ਤੋਂ ਜ਼ਿਆਦਾ ਲਾਭ ਦੇਣਗੇ। ਤੁਹਾਡੇ ਜੀਵਨਸਾਥੀ ਦੁਆਰਾ ਤੁਹਾਨੂੰ ਨੀਚਾ ਦਿਖਾਇਆ ਜਾ ਸਕਦਾ ਹੈ ਅਤੇ ਇਹ ਤੁਹਾਨੂੰ ਵਿਆਹ ਤੋੜਨ ਲਈ ਮਜ਼ਬੂਰ ਕਰ ਸਕਦਾ ਹੈ।

ਸਿੰਘ: ਅਸੁਵਿਧਾ ਤੁਹਾਡੀ ਮਾਨਸਿਕ ਸ਼ਾਤੀ ਨੂੰ ਭੰਗ ਕਰ ਸਕਦੀ ਹੈ। ਕਿਸੇ ਕਰੀਬੀ ਰਿਸ਼ਤੇਦਾਰ ਦੀ ਮਦਦ ਨਾਲ ਤੁਸੀ ਆਪਣੇ ਕਾਰੋਬਾਰ ਨੂੰ ਵਧੀਆ ਕਰ ਸਕਦੇ ਹੋ, ਜਿਸ ਨਾਲ ਤੁਹਾਨੂੰ ਆਰਥਿਕ ਲਾਭ ਵੀ ਹੋਵੇਗਾ। ਜੇਕਰ ਤੁਸੀ ਸਮੂਹਿਕ ਗਤੀਵਿਧਿਆਂ ਵਿਚ ਹਿੱਸਾ ਲਵੋਂਗੇ ਤਾਂ ਤੁਸੀ ਨਵੇਂ ਦੋਸਤ ਬਣਾ ਸਕਦੇ ਹੋ। ਰੋਮਾਂਸ ਖੁਸ਼ੀ ਭਰਿਆ ਹੋਵੇਗਾ ਇਸ ਲਈ ਉਸ ਨਾਲ ਸੰਪਰਕ ਕਰੋ ਜਿਸ ਨਾਲ ਤੁਸੀ ਪ੍ਰੇਮ ਕਰਦੇ ਹੋ ਅਤੇ ਦਿਨ ਦਾ ਭਰਪੂਰ ਲਤਫ ਲਵੋ। ਕੰਮ ਦੀ ਅਧਿਕਤਾ ਦੇ ਬਾਵਜੂਦ ਵੀ ਅੱਜ ਕੰਮਕਾਰ ਵਿਚ ਤਾਕਤ ਦੇਖੀ ਜਾ ਸਕਦੀ ਹੈ। ਅੱਜ ਤੁਸੀ ਦਿੱਤੇ ਗਏ ਕੰਮ ਨੂੰ ਤੈਅ ਕੀਤੇ ਸਮੇਂ ਤੋਂ ਪਹਿਲਾਂ ਹੀ ਪੂਰਾ ਕਰ ਸਕਦੇ ਹਨ। ਤੁਸੀ ਖਾਲੀ ਸਮੇਂ ਵਿਚ ਕੋਈ ਫਿਲਮ ਦੇਖ ਸਕਦੇ ਹੋ ਇਹ ਫਿਲਮ ਦੇਖ ਕੇ ਤੁਹਾਨੂੰ ਲੱਗੇਗਾ ਕਿ ਫਿਲਮ ਪਸੰਦ ਨਹੀਂ ਆਈ ਤੁਸੀ ਆਪਣਾ ਕੀਮਤੀ ਸਮਾਂ ਖਰਾਬ ਕਰ ਦਿੱਤਾ। ਜੇਕਰ ਤੁਸੀ ਆਪਣੇ ਜੀਵਨਸਾਥੀ ਦੇ ਪਿਆਰ ਲਈ ਤਰਸ ਰਹੋ ਹੋ ਤਾਂ ਇਹ ਦਿਨ ਤੁਹਾਡੇ ਲਈ ਅਸੀਸ ਹੋਵੇਗਾ।

ਕੰਨਿਆ: ਤੁਹਾਡਾ ਸਪਸ਼ਟ ਅਤੇ ਨਿਡਰ ਨਜ਼ਰੀਆ ਤੁਹਾਡੇ ਦੋਸਤ ਦੇ ਵਿਅਰਥ ਠੇਸ ਪਹੁੰਚਾ ਸਕਦਾ ਹੈ। ਲਾਭ ਦੇ ਨਜ਼ਰੀਏ ਤੋਂ ਸਟਾਕ ਅਤੇ ਮਯੁਚਲ ਫੰਡ ਵਿਚ ਨਿਵੇਸ਼ ਕਰਨਾ ਲਾਭਦਾਇਕ ਰਹੇਗਾ। ਸ਼ਾਮ ਦੇ ਸਮੇਂ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਖਾਣਾ ਜਾਂ ਫਿਲਮ ਦੇਖਣਾ ਤੁਹਾਨੂੰ ਸਕੂਨ ਦੇਵੇਗਾ ਅਤੇ ਖੁਸ਼ਮਿਜ਼ਾਜ ਬਣਾ ਕੇ ਰੱਖਗਾ। ਆਪਣੇ ਪ੍ਰੇਮੀ ਦੇ ਲਈ ਬਦਲੇ ਦੀ ਭਾਵਨਾ ਨਾਲ ਕੁਝ ਹਾਸਿਲ ਨਹੀਂ ਹੋਣਾ ਬਜਾਇ ਇਸ ਦੇ ਕਿ ਤੁਹਾਨੂੰ ਦਿਮਾਗ ਠੰਡਾ ਰੱਖਣਾ ਚਾਹੀਦਾ ਹੈ ਅਤੇ ਆਪਣੇ ਪ੍ਰੇਮੀ ਨੂੰ ਆਪਣੇ ਸੱਚੇ ਜ਼ਜਬਾਤਾਂ ਨਾਲ ਇਕਮਿਕ ਕਰਨਾ ਚਾਹੀਦਾ ਹੈ। ਜੇਕਰ ਤੁਹਾਨੂੰ ਇਕ ਦਿਨ ਦੀ ਛੁੱਟੀ ਤੇ ਜਾਣਾ ਹੈ ਤਾਂ ਚਿੰਤਾ ਨਾ ਕਰੋ ਤੁਹਾਡੀ ਗੈਰਹਾਜ਼ਰੀ ਵਿਚ ਸਾਰੇ ਕੰਮ ਠੀਕ ਚਲਦੇ ਰਹਿਣਗੇ ਅਤੇ ਕਿਸੇ ਖਾਸ ਵਜਾਹ ਨਾਲ ਕੋਈ ਮੁਸ਼ਕਿਲ ਖੜੀ ਹੋ ਵੀ ਜਾਵੇ ਤਾਂ ਤੁਸੀ ਆ ਕੇ ਉਸ ਨੂੰ ਆਸਾਨੀ ਨਾਲ ਹੱਲ ਕਰ ਲਵੋਂਗੇ। ਜੇਕਰ ਤੁਸੀ ਆਪਣੀ ਚੀਜਾਂ ਪ੍ਰਤੀ ਬੇਪਰਵਾਹ ਹੋ ਤਾਂ ਉਨਾਂ ਦੀ ਹਾਨੀ ਅਤੇ ਚੋਰੀ ਹੋਣ ਦੀ ਸੰਭਾਵਨਾ ਹੈ। ਅੱਜ ਤੁਹਾਡਾ ਜੀਵਨ ਸਾਥੀ ਆਪਣੇ ਦੋਸਤਾਂ ਵਿਚ ਕੁਝ ਜਿਆਦਾਂ ਵਿਅਸਤ ਹੋ ਸਕਦਾ ਹੈ, ਜਿਸ ਦੇ ਚਲਦੇ ਤਹਾਡੀ ਉਦਾਸ ਹੋਣ ਦੀ ਸੰਭਾਵਨਾ ਹੈ।

ਤੁਲਾ: ਆਰਥਿਕ ਦਿੱਕਤਾਂ ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦੀ ਹੈ। ਅੱਜ ਤੁਸੀ ਬਿਨਾ ਕਿਸੇ ਸਹਾਇਤਾ ਅਤੇ ਸਮਰੱਥਾ ਦੇ ਪੈਸਾ ਕਮਾਉਣ ਦੇ ਯੋਗ ਹੋਵੋਂਗੇ। ਨੇੜੇ ਦਾ ਦੋਸਤ ਅਤੇ ਜੀਵਨਸਾਥੀ ਨਾਰਾਜ਼ ਹੋ ਕੇ ਤੁਹਾਡਾ ਜੀਵਨ ਮੁਸ਼ਕਿਲ ਬਣ ਸਕਦੀ ਹੈ । ਤੁਹਾਡੇ ਰਿਸ਼ਤੇ ਵਿਚਲੀਆਂ ਉਹ ਸਾਰੀਆਂ ਸ਼ਿਕਾਇਤਾਂ ਅਤੇ ਗੜਬੜਾਂ ਇਸ ਅਦਭੁਤ ਦਿਨ ਤੇ ਅਲੋਪ ਹੋ ਜਾਣਗੀਆਂ। ਆਪਣੀ ਨੋਕਰੀ ਵਿਚ ਲੱਗੇ ਰਹੋ ਅਤੇ ਦੂਜਿਆਂ ਤੋਂ ਉਮੀਦ ਨਾ ਕਰੋ ਕਿ ਉਹ ਆ ਕੇ ਤੁਹਾਡੀ ਮਦਦ ਕਰਨਗੇ। ਇਸ ਰਾਸ਼ੀ ਵਾਲਿਆਂ ਨੂੰ ਅੱਜ ਖਾਲੀ ਸਮੇਂ ਵਿਚ ਅਧਿਆਤਮਕ ਪੁਸਤਕਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਅਜਿਹਾ ਕਰਕੇ ਤੁਸੀ ਕਈਂ ਮੁਸ਼ਕਿਲਾਂ ਦੂਰ ਕਰ ਸਕਦੇ ਹੋ। ਇਹ ਤੁਹਾਡੇ ਪੂਰੇ ਵਿਵਾਹਿਕ ਜੀਵਨ ਵਿਚ ਸਭ ਤੋਂ ਜ਼ਿਆਦਾ ਸਨੇਹਪੂਰਨ ਦਿਨਾਂ ਵਿਚੋਂ ਇਕ ਹੋ ਸਕਦਾ ਹੈ।

ਬ੍ਰਿਸ਼ਚਕ: ਆਪਣਾ ਸੰਤੁਲਨ ਨਾ ਖੋਵੋ ਖਾਸਤੋਰ ਤੇ ਮੁਸ਼ਕਿਲ ਹਾਲਾਤ ਵਿਚ। ਤੁਹਾਡਾ ਕੋਈ ਪੁਰਾਣਾ ਦੋਸਤ ਅੱਜ ਕਾਰੋਬਾਰ ਵਿਚ ਲਾਭ ਕਮਾਉਣ ਦੇ ਲਈ ਤੁਹਾਨੂੰ ਸਲਾਹ ਦੇ ਸਕਦਾ ਹੈ ਜੇਕਰ ਇਸ ਸਲਾਹ ਨੂੰ ਤੁਸੀ ਮੰਨਦੇ ਹੋ ਤਾਂ ਤੁਹਾਨੂੰ ਲਾਭ ਜਰੂਰ ਹੋਵੇਗਾ। ਕਿਸੇ ਪਰਿਵਾਰਿਕ ਭੇਦ ਦਾ ਖੁਲੱਣਾ ਤੁਹਾਨੂੰ ਤੋਹਫਾ ਦੇ ਸਕਦਾ ਹੈ। ਸੱਚੇ ਅਤੇ ਪਵਿੱਤਰ ਪ੍ਰੇਮ ਦਾ ਤਜ਼ਰਬਾ ਕਰੋ। ਕੰਮਕਾਰ ਵਿਚ ਸਭ ਕੁਝ ਤੁਹਾਡੇ ਪੱਖ ਵਿਚ ਨਜ਼ਰ ਆ ਸਕਦਾ ਹੈ। ਵਕੀਲ ਦੇ ਕੋਲ ਜਾ ਕੇ ਕਾਨੂੰਨੀ ਸਲਾਹ ਲੈਣ ਦੇ ਲਈ ਚੰਗਾ ਦਿਨ ਹੈ। ਤੁਹਾਡਾ ਜੀਵਨਸਾਥੀ ਅੱਜ ਤੁਹਾਡੇ ਨਾਲ ਆਉਣ ਨਾਲ ਕੁਝ ਖੂਬਸੂਰਤ ਸ਼ਬਦਾਂ ਨੂੰ ਬਿਆਨ ਕਰੇਗਾ ਕਿ ਤੁਹਾਡੀ ਜ਼ਿੰਦਗੀ ਵਿਚ ਉਸ ਦੀ ਕੀ ਕੀਮਤ ਹੈ।

ਧਨੂੰ: ਅਸੁਰੱਖਿਆ ਮੁਸੀਬਤ ਦੇ ਚਲਦਿਆਂ ਤੁਸੀ ਅਣਸੁਲਝਤਾ ਵਿਚ ਫਸ ਸਕਦੇ ਹੋ। ਵਿਆਹੇ ਜੋੜਿਆਂ ਨੂੰ ਅੱਜ ਆਪਣੇ ਬੱਚਿਆਂ ਦੀ ਸਿੱਖਿਆ ਤੇ ਖਾਸਾ ਖਰਚਾ ਕਰਨਾ ਪੈ ਸਕਦਾ ਹੈ। ਬੱਚੇ ਕੋਈ ਦਿਲ ਖੁਸ਼ ਕਰਨ ਵਾਲੀ ਖਬਰ ਲਿਆ ਸਕਦੇ ਹਨ। ਪਿਆਰ ਭਰੀ ਜ਼ਿੰਦਗੀ ਕਾਫੀ ਔਖੀ ਹੋ ਸਕਦੀ ਹੈ। ਤੁਹਾਡਾ ਦਿਮਾਗ ਕੰਮਕਾਰ ਦੀਆਂ ਉਲਝਣਾ ਵਿਚ ਫਸਿਆ ਰਹੇਗਾ ਜਿਸ ਦੇ ਚਲਦੇ ਤੁਸੀ ਪਰਿਵਾਰ ਅਤੇ ਦੋਸਤਾਂ ਲਈ ਸਮਾਂ ਨਹੀਂ ਕੱਢ ਪਾਉਂਗੇ। ਦਫਤਰ ਤੋਂ ਜਲਦੀ ਘਰ ਜਾਣ ਦੀ ਯੋਜਨਾ ਅੱਜ ਤੁਸੀ ਦਫਤਰ ਪਹੁੰਚਕੇ ਹੀ ਕਰ ਸਕਦੇ ਹੋ ਘਰ ਪਹੁੰਚ ਕੇ ਤੁਸੀ ਫਿਲਮ ਦੇਖ ਕੇ ਜਾਂ ਕਿਸੇ ਪਾਰਕ ਵਿਚ ਪਰਿਵਾਰ ਦੇ ਲੋਕਾਂ ਨਾਲ ਜਾਣ ਦੀ ਯੋਜਨਾ ਬਣਾ ਸਕਦੇ ਹੋ। ਅੱਜ ਜੀਵਨਸਾਥੀ ਦੀ ਨਾਲ ਸਪਸ਼ਟ ਵਾਦ ਵਿਵਾਦ ਹੋਣ ਦੀ ਸੰਭਾਵਨਾ ਹੈ।

ਮਕਰ : ਖੁਦ ਨੂੰ ਕਿਸੇ ਰਚਨਾਤਮਕ ਕੰਮ ਵਿਚ ਲਗਾਉ ਮਾਨਸਿਕ ਸ਼ਾਤੀ ਦੇ ਲਈ ਤੁਹਾਡੀ ਖਾਲੀ ਬੈਠਣ ਦੀ ਆਦਤ ਖਤਰਨਾਕ ਸਾਬਿਤ ਹੋ ਸਕਦੀ ਹੈ। ਆਰਥਿਕ ਦ੍ਰਿਸ਼ਟੀ ਤੋਂ ਅੱਜ ਦਾ ਦਿਨ ਮਿਲਿਆ ਜੁਲਿਆ ਹੈ ਅੱਜ ਤੁਹਾਨੂੰ ਧੰਨ ਲਾਭ ਹੋ ਸਕਦਾ ਹੈ ਪਰੰਤੂ ਇਸ ਦੇ ਲਈ ਤੁਹਾਨੂੰ ਸਖਤ ਮਿਹਨਤ ਦੀ ਲੋੜ ਹੈ। ਦੂਜਿਆਂ ਦੀਆਂ ਕਮਜ਼ੋਰੀਆਂ ਲੱਭਣ ਦਾ ਗੈਰ ਜਰੂਰੀ ਕੰਮ ਰਿਸ਼ਤੇਦਾਰਾਂ ਦੀ ਆਲੋਚਨਾ ਦਾ ਰੁਖ ਤੁਹਾਡੇ ਵੱਲ ਮੁੜ ਸਕਦਾ ਹੈ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਕੇਵਲ ਸਮੇਂ ਦੀ ਬਰਬਾਦੀ ਹੈ ਅਤੇ ਇਸ ਤੋਂ ਕੁਝ ਹਾਸਿਲ ਨਹੀਂ ਹੋਵੇਗਾ ਚੰਗਾ ਰਹੇਗਾ ਕਿ ਤੁਸੀ ਆਪਣੀ ਇਹ ਆਦਤ ਛੱਡ ਦਿਉ। ਪਿਆਰ ਵਿਚ ਆਪਣੇ ਕਠੋਰ ਵਿਵਹਾਰ ਲਈ ਮਾਫੀ ਮੰਗੋ। ਕੰਮ ਕਾਰ ਦੇ ਮਾਮਲਿਆਂ ਨੂੰ ਸੁਲਝਾਉਣ ਦੇ ਲਈ ਆਪਣੀ ਹੋਸ਼ਿਆਰੀ ਅਤੇ ਪ੍ਰਭਾਵ ਦਾ ਇਸਤੇਮਾਲ ਕਰੋ। ਖਾਸ ਲੋਕਾਂ ਨਾਲ ਗੱਲਬਾਤ ਕਰਦੇ ਸਮੇਂ ਆਪਣੇ ਸ਼ਬਦਾਂ ਤੇ ਧਿਆਨ ਦਿਉ। ਜੀਵਨ ਸਾਥੀ ਦੇ ਕਿਸੇ ਅਚਾਨਕ ਕੰਮ ਦੀ ਵਜਾਹ ਨਾਲ ਤੁਹਾਡੀ ਯੋਜਨਾ ਵਿਹੜ ਸਕਦੀ ਹੈ ਪਰੰਤੂ ਫਿਰ ਤੁਹਾਨੂੰ ਮਹਿਸੂਸ ਹੋਵੇਗਾ ਕਿ ਜੋ ਹੁੰਦਾ ਹੈ ਚੰਗੇ ਦੇ ਲਈ ਹੁੰਦਾ ਹੈ।

ਕੁੰਭ: ਆਪਣੇ ਖਰਾਬ ਮੂਡ ਨੂੰ ਵਿਆਹੀ ਵਰੀ ਜ਼ਿੰਦਗੀ ਵਿਚ ਤਣਾਵ ਦਾ ਕਾਰਨ ਨਾ ਬਣਨ ਦਿਉ ਇਸ ਤੋਂ ਬਚਣ ਦੀ ਕੋਸ਼ਿਸ਼ ਕਰੋ ਨਹੀਂ ਤਾਂ ਬਾਅਦ ਵਿਚ ਪਛਤਾਉਣਾ ਪਵੇਗਾ। ਭਾਈ ਭੈਣ ਦੀ ਮਦਦ ਨਾਲ ਅੱਜ ਆਰਥਿਕ ਲਾਭ ਹੋ ਸਕਦਾ ਹੈ ਆਪਣੇ ਭੈਣ ਭਰਾਵਾਂ ਦੀ ਸਲਾਹ ਲਵੋ। ਆਪਣੇ ਜੀਵਨਸਾਥੀ ਦੇ ਨਾਲ ਆਪਣੀ ਗੁਪਤ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ ਸੋਚ ਲਵੋ। ਜੇਕਰ ਸੰਭਵ ਹੋਵੇ ਤਾਂ ਇਸ ਤੋਂ ਬਚੋ ਕਿਉਂ ਕਿ ਇਨਾਂ ਗੱਲਾਂ ਨੂੰ ਬਾਹਰ ਫੈਲਣ ਦਾ ਖਤਰਾ ਹੈ। ਆਪਣੇ ਪਿਆਰ ਦੀ ਪੁਰਾਣੀ ਗੱਲਾਂ ਨੂੰ ਮਾਫ ਕਰਕੇ ਤੁਸੀ ਆਪਣੀ ਜ਼ਿੰਦਗੀ ਵਿਚ ਸੁਧਾਰ ਲਿਆ ਸਕਦੇ ਹੋ। ਜੇਕਰ ਤੁਸੀ ਵਿਦੇਸ਼ ਵਿਚ ਨੋਕਰੀ ਦੇ ਲਈ ਅਪਲਾਈ ਕਰਨਾ ਚਾਹੁੰਦੇ ਹੋ ਤਾਂ ਅੱਜ ਦਾ ਦਿਨ ਵਧੀਆ ਹੈ। ਕਿਉਂ ਕਿ ਕੋਈ ਕੰਮ ਤੁਹਾਡੇ ਕੰਮ ਵਾਲੀ ਥਾਂ ਤੇ ਬਕਾਇਆ ਰਹਿੰਦਾ ਹੈ ਕਿਸੇ ਕਾਰਨ ਕਰਕੇ ਤੁਹਾਨੂੰ ਆਪਣਾ ਕੀਮਤੀ ਸਮਾਂ ਸ਼ਾਮ ਨੂੰ ਦੇਣਾ ਪਵੇਗਾ। ਅੱਜ ਤੁਸੀ ਆਪਣੇ ਜੀਵਨ ਦੀ ਕੁਝ ਯਾਦਗਾਰ ਸ਼ਾਮ ਵਿਚ ਇਕ ਆਪਣੇ ਜੀਵਨਸਾਥੀ ਦੇ ਨਾਲ ਬਿਤਾ ਸਕਦੇ ਹੋ।

ਮੀਨ: ਬੱਚਿਆਂ ਦੇ ਨਾਲ ਤੁਸੀ ਸਕੂਨ ਪਾਉਂਗੇ ਬੱਚਿਆਂ ਦੀ ਇਹ ਸ਼ਮਤਾ ਕੁਦਰਤੀ ਹੈ ਅਤੇ ਨਾ ਕੇਵਲ ਤੁਹਾਡੇ ਪਰਿਵਾਰ ਦੇ ਬੱਚਿਆਂ ਵਿਚ ਬਲਕਿ ਹਰ ਬੱਚੇ ਵਿਚ ਇਹ ਗੁਣ ਹੁੰਦਾ ਹੈ ਉਹ ਤੁਹਾਨੂੰ ਸਕੂਨ ਅਤੇ ਰਾਹਤ ਦੇ ਸਕਦਾ ਹੈ। ਕਈਂ ਵੱਡੀਆਂ ਯੋਜਨਾਵਾਂ ਅਤੇ ਵਿਚਾਰਾਂ ਦੇ ਜ਼ਰੀਏ ਤੁਹਾਡਾ ਧਿਆਨ ਆਕਰਸ਼ਿਤ ਕਰ ਸਕਦਾ ਹੈ ਕਿਸੇ ਵੀ ਤਰਾਂ ਦਾ ਨਿਵੇਸ਼ ਕਰਨ ਤੋਂ ਪਹਿਲਾਂ ਉਸ ਵਿਅਕਤੀ ਦੀ ਜਾਂਚ ਪੜਤਾਲ ਕਰ ਲਵੋ। ਦੋਸਤ ਅਤੇ ਪਰਿਵਾਰ ਦੇ ਨਾਲ ਮਜ਼ੇਦਾਰ ਸਮਾਂ ਲੰਗੇਗਾ। ਪਿਆਰ ਦੇ ਸਾਕਾਰਤਕ ਸੰਕੇਤ ਤੁਹਾਨੂੰ ਮਿਲਣਗੇ। ਜੇਕਰ ਤੁਸੀ ਆਪਣੇ ਲਕਸ਼ ਨੂੰ ਪਾਉਣ ਦੇ ਲਈ ਇਕਾਗਰਤਾ ਨਾਲ ਧਿਆਨ ਕੇਂਦਰਿਤ ਕਰੋਂਗੇ ਤਾਂ ਤੁਹਾਡੀ ਉਪਲੱਬਧੀਆਂ ਉਮੀਦ ਤੋਂ ਜਿਆਦਾ ਹੋਣਗੀਆਂ । ਤੁਹਾਡਾ ਵਿਅਕਤਿਤਵ ਹੋਰਾਂ ਤੋਂ ਅਲੱਗ ਹਾਂ ਤੁਸੀ ਇਕੱਲੇ ਸਮਾਂ ਬਿਤਾਉਣਾ ਪਸੰਦ ਕਰਦੇ ਹੋ ਅੱਜ ਤੁਹਾਨੂੰ ਆਪਣੇ ਆਪ ਲਈ ਸਮਾਂ ਤਾਂ ਮਿਲੇਗਾ ਪਰੰਤੂ ਦਫਤਰ ਦੇ ਕੰਮ ਕਾਰ ਦੀ ਸਮੱਸਿਆ ਸਤਾਉਂਦੀ ਰਹੇਗੀ। ਇਹ ਦਿਨ ਤੁਹਾਡੇ ਸਮਾਨਯ ਵਿਵਾਹਿਕ ਜੀਵਨ ਵਿਚ ਦਿਲਚਸਪ ਹੋ ਸਕਦਾ ਹੈ ਤੁਸੀ ਅੱਜ ਸੱਚਮੁਚ ਅਸਾਧਾਰਣ ਚੀਜ ਨੂੰ ਅਨੁਭਵ ਕਰੋਂਗੇ।

# ਰਵਾਇਤੀ ਖਾਣਿਆਂ ਨੂੰ ਤੇਜ਼ੀ ਨਾਲ ਨਿਗਲ ਰਿਹਾ : ਫਾਸਟ ਫੂਡ

-ਸੁਖਮੰਦਰ ਸਿੰਘ ਤੂਰ

ਅੱਜ ਸਾਡੇ ਖਾਣ-ਪੀਣ ਵਿਚ ਫਾਸਟ ਫੂਡ ਨੇ ਬਹੁਤ ਵੱਡੀ ਜਗ੍ਹਾ ਬਣਾ ਲਈ ਹੈ। ਇਸ ਫੂਡ ਨੂੰ ਜੰਕ ਫੂਡ ਜਾਂ ਰੱਦੀ ਫੂਡ ਵੀ ਆਖਿਆ ਜਾਂਦਾ ਹੈ। ਰੱਦੀ ਫੂਡ ਜਾਂ ਜੰਕ ਫੂਡ ਇਸ ਨੂੰ ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਇਸ ਵਿਚ ਕੋਈ ਵੀ ਵਿਟਾਮਿਨਜ਼ ਅਤੇ ਪੌਸ਼ਟਿਕ ਤੱਤ ਬਚਿਆ ਨਹੀਂ ਰਹਿ ਸਕਦਾ। ਅੱਜ ਦੀ ਦੁਨੀਆ ਵਿਚ ਇਹ ਸਭ ਤੋਂ ਵੱਧ ਹਰਮਨ ਪਿਆਰਾ ਖਾਣਾ ਬਣ ਚੁੱਕਾ ਹੈ। ਖਾਸ ਕਰਕੇ ਉਨ੍ਹਾਂ ਵੱਡੇ ਸ਼ਹਿਰਾਂ ਵਿਚ ਜਿੱਥੇ ਲੋਕਾਂ ਕੋਲ ਸਮੇਂ ਦੀ ਘਾਟ ਹੈ।

ਭਾਵੇਂ ਫਾਸਟ ਫੂਡ ਚੰਗੇ ਤਰੀਕੇ ਅਤੇ ਚੰਗੇ ਮਾਹੌਲ ਵਿਚ ਤਿਆਰ ਕੀਤਾ ਜਾਂਦਾ ਹੈ, ਪਰ ਫਿਰ ਵੀ ਇਹ ਪੂਰੇ ਭੋਜਨ ਦਾ ਸਥਾਨ ਨਹੀਂ ਲੈ ਸਕਦਾ। ਉਂਝ ਬਹੁਤੇ ਲੋਕ ਇਨ੍ਹਾਂ ਚਟਪਟੀਆਂ ਚੀਜ਼ਾਂ ਨੂੰ ਪੂਰੇ ਭੋਜਨ ਦੀ ਤਰ੍ਹਾਂ ਖਾਂਦੇ ਹਨ ਅਤੇ ਜਦੋਂ ਘਰ ਵਿਚ ਖਾਣਾ ਖਾਣ ਦਾ ਸਮਾਂ ਆਉਂਦਾ ਹੈ ਤਾਂ ਉਸ ਨੂੰ ਪੇਟ ਵਿਚ ਪਾਉਣ ਲਈ ਲੋੜੀਂਦੀ ਥਾਂ ਨਹੀਂ ਰਹਿੰਦੀ। ਇਸ ਤਰ੍ਹਾਂ ਉਹ ਘਰ ਵਿਚ ਬਣੀ ਸਾਫ-ਸਥਰੀ ਅਤੇ ਸੰਤੁਲਿਤ ਖੁਰਾਕ ਤੋਂ ਇਕ ਤਰ੍ਹਾਂ ਨਾਲ ਵਾਂਝੇ ਰਹਿ ਜਾਂਦੇ ਹਨ।

ਘਰ ਵਿਚ ਬਣੇ ਪਕੌੜੇ ਜਾਂ ਹੋਰ ਖਾਸ ਪਦਾਰਥ ਅੱਜ ਭਾਵੇਂ ਉਨੇ ਮਹੱਤਵਪੂਰਨ ਨਹੀਂ ਰਹੇ, ਜਿੰਨਾਂ ਕਿ ਕਿਸੇ ਖਾਸ ਕਾਰਨਰ ਜਾਂ ਸਟਾਲ ਆਦਿ 'ਤੇ ਜਾ ਕੇ ਫਾਸਟ ਫੂਡ ਖਾਣਾ। ਇਸ ਗੱਲ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਅੱਜ ਲੋਕੀਂ ਆਪਣੀ ਸਿਹਤ ਵੱਲ ਧਿਆਨ ਨਾ ਦੇ ਕੇ ਸੁਆਦ ਨੂੰ ਤਵੱਜੋ ਦਿੰਦੇ ਹਨ। ਹਾਲਾਂਕਿ ਇਸ ਤਰ੍ਹਾਂ ਦਾ ਖਾਣਾ ਬਣਾਉਣ ਤੇ ਵੇਚਣ ਵਾਲੀਆਂ ਕੰਪਨੀਆਂ ਆਪਣੇ ਵਿਗਿਆਪਨਾਂ ਆਦਿ ਵਿਚ ਵਾਰ-ਵਾਰ ਇਹ ਦਾਅਵਾ ਕਰਦੀਆਂ ਹਨ ਕਿ ਉਨ੍ਹਾਂ ਦੀ ਸਮੱਗਰੀ ਖਾਸ ਪੌਸ਼ਿਕ ਤੱਤਾਂ ਨਾਲ ਭਰਪੂਰ ਅਤੇ ਰਸਾਇਣਾਂ ਤੋਂ ਮੁਕਤ ਹੈ, ਪਰ ਕੰਪਨੀਆਂ ਦੇ ਇਹ ਦਾਅਵੇ ਸਾਰੇ ਝੂਠੇ ਅਤੇ ਸੱਚਾਈ ਤੋਂ ਕੋਹਾਂ ਦੂਰ ਹਨ ਕਿਉਂਕਿ ਫਾਸਟ ਫੂਡ ਅਤੇ ਡਿੱਬਾ ਬੰਦ ਭੋਜਨ ਦੇ ਚੰਗੇ ਨਤੀਜੇ ਸਾਹਮਣੇ ਨਹੀਂ ਆ ਰਹੇ। ਕਾਰਖਾਨਿਆਂ ਆਦਿ ਵਿਚ ਵੱਡੇ ਪੱਧਰ 'ਤੇ ਫਾਸਟ ਫੂਡ ਦਾ ਉਤਪਾਦਨ ਹੋਣ, ਇਸ ਨੂੰ ਦੇਰ ਤੱਕ ਤਾਜ਼ਾ ਰੱਖਣ, ਆਕਰਸ਼ਿਤ ਅਤੇ ਸੁਆਦਲਾ ਬਣਾਉਣ ਲਈ ਇਸ ਵਿਚ ਕੁਝ ਰਸਾਇਣ ਵੀ ਮਿਲਾਏ ਜਾਂਦੇ ਹਨ। ਇਸ ਤਰ੍ਹਾਂ ਇਸ ਭੋਜਨ ਵਿਚ ਪੌਸ਼ਿਕ ਤੱਤਾਂ ਦੀ ਕਮੀ ਤਾਂ ਆਉਂਦੀ ਹੀ ਹੈ ਅਤੇ ਨਾਲ ਹੀ ਸਰੀਰ ਵਿਚ ਕਈ ਰੋਗਾਂ ਦੀਆਂ ਸੰਭਾਵਨਾਵਾਂ ਵੀ ਵਧ ਜਾਂਦੀਆਂ ਹਨ। ਭਾਰਤੀ ਖੁਰਾਕ ਨਿਗਮ ਦੇ ਇਕ ਅਧਿਐਨ ਤੋਂ ਪਤਾ ਲੱਗਾ ਹੈ ਕਿ ਭਾਰਤੀ ਸਮਾਜ ਦੇ ਅਮੀਰ ਲੋਕ ਜਿਹੜੇ ਫਾਸਟ ਫੂਡ ਦੇ ਦਿਵਾਨੇ ਹਨ ਉਨ੍ਹਾਂ ਨੂੰ ਕਬਜ਼, ਆਂਦਰਾਂ ਦੇ ਜ਼ਖਮ, ਜਿਗਰ ਦਾ ਕੈਂਸਰ, ਅੱਖਾਂ ਦੇ ਰੋਗ, ਦਿਲ ਦੇ ਰੋਗ ਆਦਿ ਤਕਲੀਫਾਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।

ਇਸ ਤਰ੍ਹਾਂ ਦਾ ਭੋਜਨ ਕਰਨ ਵਾਲੇ ਇਹ ਨਹੀਂ ਜਾਣਦੇ ਕਿ ਸਿਰਫ ਇਕ ਵਾਰ ਭੋਜਨ ਵਿਚ ਹੀ ਇਕ ਦਰਜ਼ਨ ਅਜਿਹੇ ਰਸਾਇਣ ਆ ਜਾਂਦੇ ਹਨ, ਜਿਹੜੇ ਕਿ ਸਿਹਤ ਪੱਖੋਂ ਕਿਸੇ ਵੀ ਤਰ੍ਹਾਂ ਸੁਰੱਖਿਅਤ ਨਹੀਂ ਹਨ। ਇਸੇ ਗੱਲ ਦਾ ਲਾਭ ਖਾਧ ਪਦਾਰਥ ਤਿਆਰ ਕਰਨ ਵਾਲੀਆਂ ਕੰਪਨੀਆਂ ਚੁੱਕ ਰਹੀਆਂ ਹਨ। ਸਿਹਤ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਤਰਾਂ ਦੇ ਭੋਜਨ ਸਿਹਤ 'ਤੇ ਮਾਰੂ ਅਸਰ ਪਾਉਂਦੇ ਹਨ। ਇਨ੍ਹਾਂ ਰਸਾਇਣਾਂ ਵਿਚੋਂ ਇਸ ਸਮੇਂ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ - ਸੋਡੀਅਮ ਗਲੂਟਾਮੇਟ ਰਸਾਇਣ । ਇਹ ਚਿੱਟੇ ਰੰਗ ਦਾ ਪਦਾਰਥ ਹੈ, ਜਿਹੜਾ ਕਿ ਪਾਣੀ ਆਦਿ ਵਿਚ ਘੁਲਣਸ਼ੀਲ ਹੈ। ਇਹ ਰਸਾਇਣ ਕੇਵਲ ਦਿਮਾਗ ਦੇ ਸੈਲਾਂ ਨੂੰ ਹੀ ਖਤਮ ਨਹੀਂ ਕਰਦਾ, ਬਲਕਿ ਕਈ ਤਰ੍ਹਾਂ ਦੇ ਕੈਂਸਰ ਵੀ ਪੈਦਾ ਕਰਦਾ ਹੈ। ਭਾਰਤ ਵਿਚ ਇਹ ਖੁੱਲ੍ਹੇ ਆਮ ਪੈਕਟਾਂ ਵਿਚ ਵੇਚਿਆ ਜਾ ਰਿਹਾ ਹੈ। ਅਜੀਨੋਮਾਟੋ ਵੀ ਇਕ ਤਰ੍ਹਾਂ ਦਾ ਰਸਾਇਣ ਹੀ ਹੈ, ਇਹ ਰਸਾਇਣ ਮਠਿਆਈਆਂ ਆਦਿ ਨੂੰ ਸੁਆਦਲਾ ਬਣਾਉਣ ਲਈ ਇਸਤੇਮਾਲ ਕੀਤਾ ਜਾਂਦਾ ਹੈ। ਆਮ ਤੌਰ ਇਸ ਦੀ



ਵਿਚ ਮਿਲਾਏ ਜਾਣ ਵਾਲੇ ਰਸਾਇਣ ਗੈਰ ਜ਼ਰੂਰੀ ਅਤੇ

ਵਰਤੋਂ ਮਿਤ੍ਰਕ ਸਰੀਰਾਂ ਨੂੰ ਗਾਲਣ ਵਾਸਤੇ ਕੀਤੀ ਜਾਂਦੀ ਹੈ। ਇਹ ਰਸਾਇਣ ਜਿਗਰ ਅਤੇ ਬਲੱਡ ਕੈਂਸਰ ਲਈ ਜ਼ਿੰਮੇਵਾਰ ਹੈ। ਸੇਕਰੀਨ, ਸਾਈਕਲੋਮੇਟ ਅਤੇ ਏਮੋਸਲਫਮ ਆਦਿ ਰਸਾਇਣ ਭੋਜਨ ਦਾ ਖੂਬ ਸੁਆਦ ਵਧਾਉਂਦੇ ਹਨ, ਪਰ ਇਹ ਤਿੰਨੋਂ ਕੈਂਸਰਕਾਰੀ ਮੰਨੇ ਗਏ ਹਨ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਫਾਸਟ ਫੂਡ ਅਤੇ ਡਿੱਬਾ ਬੰਦ ਖਾਧ ਪਦਾਰਥ ਤਾਜ਼ੇ ਨਹੀਂ ਹੁੰਦੇ ਇਨ੍ਹਾਂ ਨੂੰ ਘਾਤਕ ਰਸਾਇਣਾਂ ਨਾਲ ਤਾਜ਼ਾ ਅਤੇ ਸੁਰੱਖਿਅਤ ਰੱਖਿਆ ਜਾਂਦਾ ਹੈ। ਇਸ ਤੋਂ ਇਲਾਵਾ ਆਟੇ ਦੇ ਮੈਦੇ ਤੋਂ ਬਣੀਆਂ ਪੈਕਟ ਬੰਦ ਵਸਤਾਂ ਦੀ ਲਗਾਤਾਰ ਵਰਤੋਂ ਵੀ ਸਿਹਤ ਨੂੰ ਭਾਰੀ ਹਾਨੀ ਪਹੁੰਚਾਉਂਦੀ ਹੈ। ਬਰੈਡ ਬੰਦ ਭੋਜਨ ਕਿਸੇ ਸਮੇਂ ਸ਼ਹਿਰੀ ਲੋਕਾਂ ਵਿਚ ਬਰੇਕ ਫਾਸਟ ਦੇ ਰੂਪ ਵਿਚ ਪ੍ਰਚੱਲਤ ਸੀ, ਹੁਣ ਪੇਂਡੂ ਤੇ ਆਮ ਲੋਕ ਵੀ ਇਸ ਦੇ ਪੂਰੀ ਤਰ੍ਹਾਂ ਗੁਲਾਮ ਹੋ ਚੁੱਕੇ ਹਨ। ਇਹ ਬ੍ਰੈਡ ਬੰਦ ਭੋਜਨ ਪਤਾ ਨਹੀਂ ਕਿੰਨੇ ਕੁ ਪੁਰਾਣੇ ਅਤੇ ਘਟੀਆ ਆਟੇ ਨਾਲ ਤਿਆਰ ਕੀਤੇ ਜਾਂਦੇ ਹਨ। ਇਸ ਤਰ੍ਹਾਂ ਦੇ ਪਦਾਰਥ ਖਾਣ ਨਾਲ ਪੇਟ ਦੀਆਂ ਤਕਲੀਫਾਂ ਹੋਣ ਦਾ ਡਰ ਬਣਿਆ ਰਹਿੰਦਾ ਹੈ। ਬਿਸਕੁਟ, ਕੇਕ ਰਸਕ ਆਦਿ ਇਸੇ ਸ਼੍ਰੇਣੀ ਵਿਚ ਹੀ ਆਉਂਦੇ ਹਨ।

ਇਸੇ ਤਰ੍ਹਾਂ ਤੇਲ ਯੁਕਤ ਖਾਧ ਪਦਾਰਥਾਂ ਨੂੰ ਵੀ ਲੰਬੇ ਸਮੇਂ ਤੱਕ ਸੁਰੱਖਿਅਤ ਰੱਖਣ ਲਈ ਐਂਟੀ ਆਕਸਾਈਡ ਪਦਾਰਥ ਵਰਤੇ ਜਾਂਦੇ ਹਨ। ਬਾਜ਼ਾਰੂ ਦੁੱਧ, ਮੱਖਣ, ਪਨੀਰ, ਘਿਓ ਅਤੇ ਹੋਰ ਡੇਅਰੀ ਪ੍ਰੋਡਕਟ ਪਦਾਰਥਾਂ ਵਿਚ ਵੂਟੀਲੇਟਿਡ, ਹਾਈਡ੍ਰੋਕਸੀ ਟਾਲਊਨ, ਰਿਫਾਇੰਡ ਤੇਲ ਆਦਿ ਘਾਤਕ ਰਸਾਇਣ ਅਤੇ ਪਦਾਰਥ ਵਰਤੇ ਜਾ ਰਹੇ ਹਨ । ਇਹ ਰਸਾਇਣ ਦਿਲ, ਦਿਮਾਗ ਅਤੇ ਗੁਰਦਿਆਂ ਨੂੰ ਭਾਰੀ ਨੁਕਸਾਨ ਪਹੁੰਚਾਉਂਦੇ ਹਨ।

ਬਾਕੀ ਫਾਸਟ ਫੂਡ ਵਿਚ ਮਿਰਚ, ਗਰਮ ਮਸਾਲੇ ਅਤੇ ਲੂਣ ਜ਼ਿਆਦਾ ਮਾਤਰਾ ਵਿਚ ਵਰਤੇ ਜਾਂਦੇ ਹਨ, ਜੋ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੇ ਰੋਗੀਆਂ ਲਈ ਜ਼ਹਿਰ ਦੇ ਬਰਾਬਰ ਹਨ। ਇਨ੍ਹਾਂ ਪਦਾਰਥਾਂ ਨਾਲ ਪੇਟ ਦੀਆਂ ਤਕਲੀਫਾਂ ਵਿਚ ਭਾਰੀ ਵਾਧਾ ਹੁੰਦਾ ਹੈ। ਪੇਟ ਵਿਚ ਅਲਸਰ, ਖੂਨੀ ਬਵਾਸੀਰ, ਗੈਸ, ਤੇਜ਼ਾਬੀਪਣ ਆਦਿ ਤਕਲੀਫਾਂ ਇਸ ਦਾ ਹੀ ਸਿੱਟਾ ਹਨ।

ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਅੱਜ ਜੋ ਮਹੱਤਵ ਸਿਹਤ ਨੂੰ ਦਿੱਤਾ ਜਾਣਾ ਚਾਹੀਦਾ ਹੈ, ਉਹ ਸੁਆਦ ਨੂੰ ਦਿੱਤਾ ਜਾ ਰਿਹਾ ਹੈ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਫਾਸਟ ਫੂਡ ਖਾਣਾ ਹੀ ਫੈਸ਼ਨ ਹੋ ਗਿਆ ਹੈ ਤੇ ਇਹ ਫੈਸ਼ਨ ਮਨੁੱਖ ਜਾਤੀ ਦੇ ਭਵਿੱਖ ਅੱਗੇ ਇਕ ਵੱਡਾ ਸੁਆਲ ਖੜ੍ਹਾ ਕਰ ਰਿਹਾ ਹੈ।

## ਵਿਸ਼ਵ ਰੇਡੀਓ ਦਿਵਸ 'ਤੇ ਵਿਸ਼ੇਸ਼

# ਸਦੀਆਂ ਤੋਂ ਲੋਕਾਂ ਦਾ ਮਨਭਾਉਂਦਾ ਸਾਥੀ : ਰੇਡੀਓ

ਮਨੋਰੰਜਨ ਦੇ ਨਵੇਂ-ਨਵੇਂ ਸਾਧਨ ਆਉਣ ਦੇ ਬਾਵਜੂਦ ਵੀ ਰੇਡੀਓ ਦੀ ਮਹੱਤਤਾ ਘਟਣ ਦੀ ਬਜਾਏ ਹੋਰ ਵਧ ਰਹੀ ਹੈ। ਇਹ ਸਿਰਫ਼ ਇੱਕ ਮਨੋਰੰਜਨ ਦਾ ਸਾਧਨ ਹੀ ਨਹੀਂ, ਸਗੋਂ ਜਾਣਕਾਰੀ, ਸਮਾਜਿਕ ਜਾਗਰੂਕਤਾ ਅਤੇ ਲੋਕਾਂ ਨੂੰ



ਆਪਸੀ ਰਿਸ਼ਤਿਆਂ ਨਾਲ ਜੋੜਨ ਦਾ ਇੱਕ ਮਜ਼ਬੂਤ ਮਾਧਿਅਮ ਵੀ ਹੈ।

ਰੇਡੀਓ ਹਰ ਵਰਗ ਲਈ ਇੱਕ ਵਿਸ਼ਵਾਸਯੋਗ ਸਾਥੀ ਹੈ ਚਾਹੇ ਅਸੀਂ ਘਰ, ਦਫ਼ਤਰ, ਹੋਟਲ, ਗੱਡੀ ਜਾਂ ਖੇਤਾਂ 'ਚ ਹੀ ਕਿਓਂ ਨਾ ਹੋਈਏ। ਹਰ ਥਾਂ ਤੇ ਰੇਡੀਓ ਦੀ ਪਹੁੰਚ ਬਿਨਾਂ ਕਿਸੇ ਰੁਕਾਵਟ ਦੇ ਹੈ। ਜੋ ਵਿਅਕਤੀ ਪੜ੍ਹ ਨਹੀਂ ਸਕਦਾ ਜਾਂ ਦੇਖਣ ਤੋਂ ਅਸਮਰਥ ਹੈ ਰੇਡੀਓ ਉਸ ਲਈ ਵੀ ਇੱਕ ਵਰਦਾਨ ਬਣਕੇ ਸਾਹਮਣੇ ਆਇਆ ਹੈ। ਜਿਸ ਕਾਰਨ ਸਦੀਆਂ ਤੋਂ ਰੇਡੀਓ ਹਰ ਵਰਗ ਦੇ ਲੋਕਾਂ ਦੀ ਆਵਾਜ਼ ਬਣਿਆ ਹੋਇਆ ਹੈ।

ਭਾਰਤ ਵਿੱਚ ਰੇਡੀਓ ਦੀ ਸ਼ੁਰੂਆਤ 23 ਜੁਲਾਈ 1927 ਨੂੰ ਬੰਬਈ ਤੋ ਹੋਈ। ਜਿਸ ਨੂੰ 1930 ਵਿੱਚ "ਆਲ ਇੰਡੀਆ ਰੇਡੀਓ" ਦਾ ਨਾਮ ਦਿੱਤਾ ਗਿਆ ਜੋਕਿ ਬਾਅਦ ਵਿੱਚ 1956 ਤੋਂ "ਆਕਾਸ਼ਵਾਣੀ" ਦੇ ਨਾਮ ਨਾਲ ਜਾਣਿਆ ਗਿਆ। 1977 ਵਿੱਚ ਐੱਫ.ਐੱਮ. ਰੇਡੀਓ ਸਟੇਸ਼ਨਾ ਦੀ ਸ਼ੁਰੂਆਤ ਹੋਈ, ਜਿਸ ਨਾਲ ਭਾਰਤ 'ਚ ਰੇਡੀਓ ਦਾ ਵਧਦਾ ਦਾਇਰਾ ਹੋਰ ਵੀ ਤੇਜ਼ ਹੋ ਗਿਆ। ਆਜ਼ਾਦ ਭਾਰਤ 'ਚ ਪੰਜਾਬੀ ਰੇਡੀਓ ਦਾ ਪਹਿਲਾ ਕੇਂਦਰ ਆਕਾਸ਼ਵਾਣੀ ਜਲੰਧਰ 1948 ਵਿੱਚ ਕਰਤਾਰ ਸਿੰਘ ਦੁੱਗਲ ਦੀ ਅਗਵਾਈ ਹੇਠ ਸਥਾਪਿਤ ਕੀਤਾ ਗਿਆ। ਜਿਸ ਨੇ ਪੰਜਾਬੀ ਸੱਭਿਆਚਾਰ, ਲੋਕ-ਧੁਨੀਆਂ, ਗੁਰਬਾਣੀ, ਕਿਸਾਨੀ, ਸਿੱਖਿਆ ਅਤੇ ਸਮਾਜਿਕ ਮੁੱਦਿਆਂ ਨੂੰ ਉਤਸ਼ਾਹਿਤ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।

ਭਾਰਤ ਵਿਚ ਇਸ ਵੇਲੇ ਆਕਾਸ਼ਵਾਣੀ ਦੇ ਰੇਡੀਓ ਚੈਨਲ ਇੰਟਰਨੈਟ ਅਤੇ ਮੋਬਾਈਲ ਐਪਸ ਰਾਹੀਂ ਵੀ ਉਪਲਬਧ ਹਨ, ਜਿਸ ਨਾਲ ਸਰੋਤੇ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਆਪਣੀ ਪਸੰਦ ਦੇ ਪ੍ਰੋਗਰਾਮ ਸੁਣ ਰਹੇ ਹਨ।

ਗਲ੍ਹ ਕਰੀਏ ਦੁਨੀਆਂ ਦੇ ਸਭ ਤੋਂ ਪਹਿਲੇ ਰੇਡੀਓ ਸਟੇਸ਼ਨ ਦੀ ਜੋ 2 ਨਵੰਬਰ 1920 ਵਿੱਚ ਅਮਰੀਕਾ ਦੇ ਸ਼ਹਿਰ ਪਿਟਸਬਰਗ ਵਿਖੇ ਸ਼ੁਰੂ ਹੋਇਆ। ਵਿਸ਼ਵ ਭਰ ਵਿੱਚ ਇਸ ਵੇਲੇ ਲਗਭਗ 40000 ਤੋਂ ਵੀ ਵੱਧ ਰੇਡੀਓ ਸਟੇਸ਼ਨ ਲੋਕਾਂ ਦਾ ਮਨੋਰੰਜਨ ਕਰ ਰਹੇ ਹਨ। ਰੇਡੀਓ ਦੀ ਵੱਧਦੀ ਲੋਕਪ੍ਰਿਅਤਾ ਨੂੰ ਵੇਖਦੇ ਹੋਏ ਸੰਯੁਕਤ ਰਾਸ਼ਟਰ ਨੇ 2012 ਤੋਂ ਹਰ ਸਾਲ 13 ਫਰਵਰੀ ਨੂੰ ਵਿਸ਼ਵ ਰੇਡੀਓ ਦਿਵਸ ਵਜੋਂ ਮਨਾਉਣ ਦੀ ਸ਼ੁਰੂਆਤ ਕੀਤੀ। ਕਿਉਂਕਿ ਇਹ ਤਰੀਕ 1946 ਵਿੱਚ ਯੂ.ਐੱਨ. ਰੇਡੀਓ ਦੀ ਸ਼ੁਰੂਆਤ ਨੂੰ ਹਮੇਸ਼ਾ ਤਾਜ਼ਾ ਰੱਖਣ ਲਈ ਚੁਣੀ ਗਈ ਸੀ।

ਨਵੇਂ ਮੀਡੀਆ ਆਉਣ ਦੇ ਬਾਵਜੂਦ ਰੇਡੀਓ ਅੱਜ ਵੀ ਲੋਕਾਂ ਦੇ ਦਿਲਾਂ ਤੇ ਰਾਜ ਕਰ ਰਿਹਾ ਹੈ। ਇਹ ਸਸਤਾ, ਵਿਸ਼ਵਾਸਯੋਗ, ਬਿਜਲੀ ਤੋਂ ਬਿਨਾਂ ਵੀ,ਹਰ ਜਗ੍ਹਾ ਆਸਾਨੀ ਨਾਲ ਉਪਲਬਧ ਅਤੇ ਹਰ ਕਿਸੇ ਲਈ ਜਾਣਕਾਰੀ ਦੇ ਨਾਲ ਮਨੋਰੰਜਨ ਦਾ ਸਰੋਤ ਹੈ। ਇਸ ਲਈ ਅਸੀਂ ਵਿਸ਼ਵ ਰੇਡੀਓ ਦਿਵਸ 'ਤੇ ਰੇਡੀਓ ਦੀ ਮਹੱਤਤਾ ਨੂੰ ਸਲਾਮ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਇਹ ਭਵਿੱਖ 'ਚ ਵੀ ਇਸੇ ਹੀ ਤਰ੍ਹਾਂ ਲੋਕਾਂ ਦੀ ਆਵਾਜ਼ ਬਣਿਆ ਰਹੇਗਾ।



ਬਲਦੇਵ ਸਿੰਘ ਬੇਦੀ
ਜਲੰਧਰ,
9041925181

# ਉਹ, ਮੈਂ ਤੇ ਵਾਨਗਾਗ

(ਮਹਿਬੂਬ ਸ਼ਾਇਰਾ ਦੇ ਜਨਮ ਦਿਨ ਤੇ)



ਕਈ ਦਿਨਾਂ ਤੋਂ
ਰੁੱਝਿਆ ਹੋਇਆ
ਸਾਂ ਉਸ ਵਿੱਚ
ਉੱਠਦੇ ਬੈਠਦੇ
ਸੌਂਦੇ ਜਾਗਦੇ
ਦਫ਼ਤਰ
ਭੀੜ
ਬਾਜ਼ਾਰ
ਇੱਕੋ ਹੀ ਖ਼ਿਆਲ
ਕੀ ਭੇਟ ਕਰਾਂ
ਉਸਦੇ ਜਨਮ ਦਿਨ
ਤੇ
ਪਸੰਦ ਉਸਦੀ
ਪਤਾ ਨਹੀਂ
ਪਸੰਦ ਕਦੇ ਉਸ
ਜ਼ਾਹਰ ਵੀ ਨਹੀਂ
ਕੀਤੀ
ਮੈਂ ਬਾਜ਼ਾਰ, ਮਾੱਲ
ਐਰਾ ਵਗੈਰਾ ਘੁੰਮ
ਆਇਆ ਹਾਂ
ਇੱਕ ਵੀ ਚੀਜ਼ ਉਸਦੇ ਹਾਣ ਦੀ ਵਰ ਮੇਚ ਨਾ ਆਈ
ਸਾਰੇ ਦਾ ਸਾਰਾ ਕ਼ਪਤ ਬਾਜ਼ਾਰ
ਹੈਰਾਨ ਹੋ ਰਹੀ ਸੀ ਇੱਕੀਵੀਂ ਸਦੀ
ਬਜ਼ਾਰ ਕਿਵੇਂ ਲਲਚਾਉਂਦਾ ਹੈ ਬੰਦੇ ਨੂੰ
ਕਿਵੇਂ ਬਣਾ ਲੈਂਦਾ ਦੋ ਗਿੱਠ ਦੇ ਘਰ ਨੂੰ ਕੱਪ ਬੋਰਡ
ਸ਼ਾਇਰ ਹਾਂ ਜਾਣਦਾ ਹਾਂ
ਮੰਡੀ ਦੇ ਚਰਿੱਤਰ ਕਲਚਰ ਉਸਦੇ ਮੁਨਾਫ਼ੇ ਨੂੰ
ਮਨੁੱਖ ਤੇ ਸ਼ਾਇਰਾਂ ਦੀ ਪਸੰਦ 'ਚ ਕਿੰਨਾਂ ਅੰਤਰ
ਹਕੀਕਤ ਨੂੰ ਜਾਣ ਕੇ ਵੀ ਕਿੰਨਾਂ ਮੂਰਖ
ਕਿੰਨਾ ਪੇਤਲਾ ਇਲਮ ਤੋਂ ਅਧੂਰਾ ਸੀ ਗਿਆਨ ਮੇਰਾ
ਕੀ ਲੈਣ ਤੁਰ ਪਿਆ ਸਾਂ ਬਾਜ਼ਾਰ 'ਚੋਂ ਉਸ ਦੇ ਜਨਮ
ਦਿਨ ਤੇ ਉਸਦੀ ਕਵਿਤਾ ਉਸ ਅੰਦਰਲੇ ਸ਼ਬਦਾ ਵਾਕਾਂ
ਨੂੰ ਉਸ ਦੀਆਂ ਤਲਿੱਸਮੀ ਰਮਜ਼ਾਂ ਨੂੰ ਜਾਣਿਆ
ਕਲਪਣਾ ਮੇਰੀ 'ਚ
ਕਿੰਨੇ 'ਰਹੱਸਮਈ' ਦ੍ਰਿਸ਼ ਹੋਂਦ 'ਚ ਆਏ
ਉਹ ਤੇ ਢਾਕੇ ਦੀ ਪਾਰਦਰਸ਼ੀ ਸੂਤੀ ਮਲਮਲ
ਮੇਰਾ ਕਬਾੜੀਆ ਮਨ
ਕਿੱਥੋਂ ਲੱਭ ਕਿ ਲਿਆਵੇ ਉਸ ਦੀ ਮਨ ਪਸੰਦ
ਬਹੁਤ ਕੁੱਝ ਬਦਲ ਗਿਆ
ਉਹ ਕਵਿਤਾ ਨਹੀਂ ਕਵਿਤਾ ਉਸ ਨੂੰ ਰੱਚਦੀ
ਸ਼ਬਦ , ਕਲਪਣਾ , ਵੀਜ਼ਨ ਤੇ ਦਾਰਸ਼ਿਨਕ ਸੋਚ
ਉਹਦੇ ਤੇ ਬਜ਼ਾਰ 'ਚ ਕਿੰਨਾਂ ਅੰਤਰ
ਕਵਿਤਾ ਵਰਗੀ ਸੰਵੇਨਸ਼ੀਲਤਾ ਕਿੱਥੋ ਲਿਆਵਾਂ ਲੱਭਕੇ
ਉਹ ਮੈਂ ਤੇ ਕਵਿਤਾ ਆਪਸ 'ਚ ਡੂੰਘਾ ਲੈਹ ਗਏ
ਉਸਦਾ ਕਾਫ਼ੀਆ ਰਦੀਫ਼ ਵਜਦ 'ਚ ਆ ਕੇ ਨੱਚਣ
ਲੱਗਾ ਉਹ ਕਿੰਨੀ ਕਾਇਨਾਤ ਦੇ ਨੇੜੇ ਉਸ ਨੂੰ ਪੜ੍ਹਿਆ
ਤੇ ਜਾਣਿਆ ਬੁੱਲ੍ਹੇ ਸ਼ਾਹ ਦੇ ਦਰਵੇਸ਼ ਪੂਛ ਹਿਲਾਉਂਦੇ
ਝੂਲਣ ਲੱਗਦੇ ਵਜਦ 'ਚ ਆਕੇ
ਉਹ ਕਵਿਤਾ ਤੇ ਉਸਦੇ ਚਿਹਰੇ ਦੀ ਉਥਲ-ਪੁਥਲ
ਸ਼ਬਦ ਜੋ ਤਰ੍ਹਾਂ ਤਰ੍ਹਾਂ ਦੀਆਂ ਸ਼ਕਲਾਂ ਬਣਾ ਕੇ ਪੇਸ਼ ਹੋਏ
ਮੈਂ ਉਸਦੀ ਗਹਿਰ 'ਚ ਲੱਥ ਜਾਣਾ ਚਾਹੁੰਦਾ ਹਾਂ
ਉਸਦਾ ਜਨਮ ਦਿਨ ਹੈ
ਮੈਂ ਕਿੰਨਾਂ ਭੋਲ਼ਾ ਹਾਂ
ਨਾ ਕੇਕ
ਨਾ ਪੇਸ਼ਤੀ
ਨਾ ਹੀ ਹੈਲੋ ਹਾਇ
ਅੱਜ ਉਸਦਾ ਜਨਮ ਦਿਨ ਹੈ
ਸੋਚ ਰਿਹਾ ਹਾਂ 'ਦਿਲ' ਦੀ ਸ਼ਾਇਰਾ ਹੈ ਉਹ
ਮੈਂ ਵੀ ਕੰਨਪੱਟਾ " ਵਾਨ-ਗਾਗ ' ਹਾਂ
ਵੱਗਦੀਆ ਲਹੂ ਦੀਆਂ ਧਾਰਾਂ 'ਚ ਲੱਥਪੱਥ
ਬਜ਼ਾਰ ਦੀ ਸਜੀ ਸਜਾਈ ਪਲੇਟ 'ਚ ਹਾਜ਼ਰ ਹੈ ਮੇਰਾ
ਦਿਲ

(ਮਹਾਨ ਚਿੱਤਰਕਾਰ ਵਾਨਗਾਗ ਦੀ ਪ੍ਰੇਮਿਕਾ ਨੇ ਵਾਨਗਾਗ ਦੇ ਕੰਨਾਂ ਦੀ ਤਰੀਫ਼ ਕੀਤੀ। ਅਗਲੇ ਦਿਨ ਵਾਨਗਾਗ ਨੇ ਆਪਣੇ ਕੰਨ ਕੱਟ ਕੇ ਉਸਨੂੰ ਭੇਟ ਕਰ ਦਿੱਤੇ)।

ਮੱਖਣ ਮਾਨ






# 'ਪੰਜਾਬ 95' ਫ਼ਿਲਮ 'ਤੇ

## ਦਿਲਜੀਤ ਦੋਸਾਂਝ ਦਾ ਬਿਆਨ

"ਫ਼ਿਲਮ ਜ਼ਰੂਰ ਰਿਲੀਜ਼ ਹੋਵੇਗੀ, ਮੈਨੂੰ ਰੱਬ 'ਤੇ ਭਰੋਸਾ ਹੈ"



ਪੰਜਾਬੀ ਗਾਇਕ ਦਿਲਜੀਤ ਦੋਸਾਂਝ ਨੇ ਆਪਣੀ ਫ਼ਿਲਮ 'ਪੰਜਾਬ 95' ਤੇ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ 'ਪੰਜਾਬ 95' ਫ਼ਿਲਮ ਜ਼ਰੂਰ ਰਿਲੀਜ਼ ਹੋਵੇਗੀ, ਮੈਨੂੰ ਰੱਬ 'ਤੇ ਪੂਰਾ ਭਰੋਸਾ ਹੈ। ਦਿਲਜੀਤ ਦੋਸਾਂਝ ਨੇ ਬੋਲਦਿਆਂ ਕਿਹਾ ਕਿ ਜੇ ਫ਼ਿਲਮ ਬਿਨਾਂ ਕੱਟ ਤੋਂ ਰਿਲੀਜ਼ ਹੋਈ ਤਾਂ ਮੈਂ ਪੂਰਾ ਸਹਿਯੋਗ ਕਰਾਂਗਾ ਪਰ ਜੇ ਫ਼ਿਲਮ 'ਚ ਕੱਟ ਲੱਗੇ ਤਾਂ ਮੈਂ ਫ਼ਿਲਮ ਰਿਲੀਜ਼ ਕਰਨ ਦੇ ਹੱਕ ਵਿਚ ਨਹੀਂ ਹਾਂ।

ਜ਼ਿਕਰਯੋਗ ਹੈ ਕਿ ਪਹਿਲਾਂ ਇਹ ਫ਼ਿਲਮ ਅੰਤਰਰਾਸ਼ਟਰੀ ਪੱਧਰ 'ਤੇ ਰਿਲੀਜ਼ ਹੋਣੀ ਸੀ ਪਰ ਬਾਅਦ ਵਿਚ ਇਸ ਦੀ ਰਿਲੀਜ਼ ਰੋਕ ਦਿੱਤੀ ਗਈ ਹੈ। ਦੱਸ ਦੇਈਏ ਕਿ 'ਪੰਜਾਬ 95' ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਫ਼ਿਲਮ ਹੈ। 'ਪੰਜਾਬ 95' 'ਚ ਦਿਲਜੀਤ ਦੋਸਾਂਝ ਮੁੱਖ ਭੂਮਿਕਾ ਵਿਚ ਨਜ਼ਰ ਆਉਣਗੇ।

ਖਾਲੜਾ ਨੇ ਪੰਜਾਬ ਪੁਲਿਸ 'ਤੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਹਿਰਾਸਤ 'ਚ ਲੈਣ ਅਤੇ ਉਨ੍ਹਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਨ ਦਾ ਦੋਸ਼ ਲਗਾਇਆ ਸੀ। 6 ਸਤੰਬਰ 1995 ਨੂੰ ਉਨ੍ਹਾਂ ਦੀ ਹੱਤਿਆ ਕਰ ਦਿਤੀ ਗਈ ਸੀ। ਸੀਬੀਆਈ ਜਾਂਚ ਵਿਚ ਪੰਜਾਬ ਪੁਲਿਸ ਦੇ 6 ਅਧਿਕਾਰੀ ਦੋਸ਼ੀ ਪਾਏ ਗਏ। ਜਸਵੰਤ ਸਿੰਘ ਖਾਲੜਾ ਦਾ ਜਨਮ 1952 ਵਿਚ ਹੋਇਆ ਸੀ। ਜਸਵੰਤ ਸਿੰਘ ਖਾਲੜਾ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰਦੇ ਸਨ। ਉਹ ਉਨ੍ਹਾਂ ਦੇ ਹੱਕਾਂ ਲਈ ਲੜਦੇ ਸਨ। ਉਨ੍ਹਾਂ ਨੇ ਜ਼ੁਲਮ ਵਿਰੁਧ ਆਪਣੀ ਆਵਾਜ਼ ਬੁਲੰਦ ਕੀਤੀ। ਉਹ ਤਹਿਸੀਲ ਪੱਟੀ ਦੇ ਪਿੰਡ ਖਾਲੜਾ ਦਾ ਰਹਿਣ ਵਾਲਾ ਸੀ।

# ਸ਼ਾਹਰੁਖ਼ ਖ਼ਾਨ ਅਤੇ ਕੈਟਰੀਨਾ ਕੈਫ ਦੀ ਦੀਵਾਨੀ ਜੈਸਮੀਨ ਭਸੀਨ



ਟੀਵੀ ਦੀ ਦੁਨੀਆ ਵਿੱਚ ਕੁਝ ਅਜਿਹੀਆਂ ਅਭਿਨੇਤਰੀਆਂ ਹਨ, ਜਿਨ੍ਹਾਂ ਨੇ ਹਰ ਘਰ ਵਿੱਚ ਪ੍ਰਸਿੱਧੀ ਹਾਸਲ ਕੀਤੀ ਹੈ। ਇੱਕ ਅਜਿਹੀ ਅਦਾਕਾਰਾ ਹੈ, ਜਿਸ ਨੇ ਟੀਵੀ ਦੇ ਨਾਲ-ਨਾਲ ਪੰਜਾਬੀ ਫ਼ਿਲਮਾਂ ਵਿੱਚ ਵੀ ਆਪਣੀ ਪਛਾਣ ਬਣਾਈ ਹੈ। ਅੱਜ ਉਹ ਕਰੋੜਾਂ ਦੀ ਮਾਲਕਣ ਹੈ। ਆਓ ਤੁਹਾਨੂੰ ਇਸ 34 ਸਾਲ ਪੁਰਾਣੀ ਖੂਬਸੂਰਤੀ ਨਾਲ ਜਾਣੂ ਕਰਵਾਉਂਦੇ ਹਾਂ। ਇਹ ਕੋਈ ਹੋਰ ਨਹੀਂ ਸਗੋਂ ਜੈਸਮੀਨ ਭਸੀਨ ਹੈ, ਜਿਸ ਨੂੰ ਤੁਸੀਂ ਕਈ ਸੀਰੀਅਲ, ਗੀਤ, ਬਿੱਗ ਬੌਸ ਅਤੇ ਪੰਜਾਬੀ ਫਿਲਮਾਂ ਵਿੱਚ ਦੇਖਿਆ ਹੋਵੇਗਾ। ਉਨ੍ਹਾਂ ਨੇ ਰਿਐਲਿਟੀ ਸ਼ੋਅ ਵਿੱਚ ਬਹੁਤ ਪ੍ਰਸਿੱਧੀ ਹਾਸਲ ਕੀਤੀ। ਅੱਜ ਵੀ ਜੈਸਮੀਨ ਇੰਡਸਟਰੀ ਵਿੱਚ ਚੰਗਾ ਕੰਮ ਕਰ ਰਹੀ ਹੈ ਅਤੇ ਬੈਕ ਟੂ ਬੈਕ ਪ੍ਰੋਜੈਕਟਾਂ ਵਿੱਚ ਲੱਗੀ ਹੋਈ ਹੈ।

ਜੈਸਮੀਨ ਭਸੀਨ ਸਿੱਖ ਪਰਿਵਾਰ ਤੋਂ ਹੈ। ਉਨ੍ਹਾਂ ਦੇ ਪਿਤਾ ਦਾ ਨਾਮ ਸੁਰਪਾਲ ਭਸੀਨ ਅਤੇ ਮਾਤਾ ਦਾ ਨਾਮ ਗੁਰਮੀਤ ਕੌਰ ਭਸੀਨ ਹੈ। ਅਦਾਕਾਰਾ ਦਾ ਇੱਕ ਭਰਾ ਮਨਕਰਨ ਸਿੰਘ ਵੀ ਹੈ। ਜੈਸਮੀਨ ਦਾ ਜਨਮ 28 ਜੂਨ 1990 ਨੂੰ ਕੋਟਾ, ਰਾਜਸਥਾਨ ਵਿੱਚ ਹੋਇਆ ਸੀ। ਉਥੋਂ ਉਸ ਨੇ ਆਪਣੀ ਪੜ੍ਹਾਈ ਪੂਰੀ ਕੀਤੀ। ਫਿਰ ਉਹ ਆਪਣਾ ਕਰੀਅਰ ਸੁਧਾਰਨ ਲਈ ਮੁੰਬਈ ਆ ਗਈ। ਸ਼ਾਹਰੁਖ ਖ਼ਾਨ ਅਤੇ ਕੈਟਰੀਨਾ ਕੈਫ ਦੀ ਦੀਵਾਨੀ ਜੈਸਮੀਨ ਭਸੀਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਟੀਵੀ ਨਾਲ ਨਹੀਂ ਸਗੋਂ ਫਿਲਮਾਂ ਨਾਲ ਕੀਤੀ ਸੀ। ਅਦਾਕਾਰਾ ਨੇ ਦੱਖਣ ਤੋਂ ਸ਼ੁਰੂਆਤ ਕੀਤੀ। ਜੈਸਮੀਨ ਨੇ ਸਾਲ 2011 'ਚ ਤਾਮਿਲ ਫਿਲਮ 'ਵਨਮ' ਨਾਲ ਡੈਬਿਊ ਕੀਤਾ ਸੀ। ਫਿਰ ਉਹ ਮਲਿਆਲਮ ਅਤੇ ਤੇਲਗੂ ਫਿਲਮਾਂ ਵਿੱਚ ਵੀ ਨਜ਼ਰ ਆਈ। ਪਰ ਉਸ ਨੂੰ ਟੀਵੀ ਦੀ ਦੁਨੀਆ ਤੋਂ ਪ੍ਰਸਿੱਧੀ ਮਿਲੀ।

ਜੈਸਮੀਨ ਭਸੀਨ ਨੇ ਸਾਲ 2015 ਵਿੱਚ ਟੀਵੀ ਡੈਬਿਊ ਕੀਤਾ ਸੀ। ਉਸਦਾ ਪਹਿਲਾ ਸੀਰੀਅਲ 'ਟਸ਼ਨ-ਏ-ਇਸ਼ਕ' ਸੀ ਜਿੱਥੇ ਉਸਨੇ 'ਟਵਿੰਕਲ ਤਨੇਜਾ' ਦਾ ਕਿਰਦਾਰ ਨਿਭਾਇਆ ਸੀ। ਫਿਰ ਬਾਅਦ 'ਚ ਉਹ ਸਿਧਾਰਥ ਸ਼ੁਕਲਾ ਦੇ ਨਾਲ 'ਦਿਲ ਸੇ ਦਿਲ ਤਕ' 'ਚ ਨਜ਼ਰ ਆਈ। ਜੈਸਮੀਨ ਨੇ ਸਾਲ 2019 ਵਿੱਚ ਆਪਣੇ ਕਰੀਅਰ ਵਿੱਚ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕੀਤੀ। ਫਿਰ ਉਸ ਨੇ 'ਫੀਅਰ ਫੈਕਟਰ ਖਤਰੋਂ ਕੇ ਖਿਲਾੜੀ ਸੀਜ਼ਨ 9' 'ਚ ਹਿੱਸਾ ਲਿਆ। ਪ੍ਰਸ਼ੰਸਕਾਂ ਨੇ ਉਸ ਨੂੰ ਪਿਆਰ ਦਿੱਤਾ ਅਤੇ ਉਹ 7ਵੇਂ ਸਥਾਨ 'ਤੇ ਪਹੁੰਚ ਗਈ। ਬਾਅਦ ਵਿੱਚ, ਉਸਨੇ ਏਕਤਾ ਕਪੂਰ ਦੀ ਹਿੱਟ ਫ੍ਰੈਂਚਾਇਜ਼ੀ 'ਨਾਗਿਨ 4' ਅਤੇ ਬਿੱਗ ਬੌਸ ਸੀਜ਼ਨ 14 ਵਿੱਚ ਵੀ ਕੰਮ ਕੀਤਾ।

ਕਈ ਮਿਊਜ਼ਿਕ ਐਲਬਮਾਂ ਤੋਂ ਇਲਾਵਾ ਜੈਸਮੀਨ ਭਸੀਨ ਨੇ ਕਈ ਪੰਜਾਬੀ ਫਿਲਮਾਂ 'ਚ ਵੀ ਕੰਮ ਕੀਤਾ ਹੈ। ਜਿੱਥੇ ਉਹ ਪੰਜਾਬੀ ਇੰਡਸਟਰੀ ਦੇ ਵੱਡੇ ਸਿਤਾਰਿਆਂ ਨਾਲ ਸਕ੍ਰੀਨ ਸ਼ੇਅਰ ਕਰ ਚੁੱਕੀ ਹੈ। ਕੰਮ ਦੇ ਨਾਲ-ਨਾਲ ਉਹ ਸੋਸ਼ਲ ਮੀਡੀਆ 'ਤੇ ਵੀ ਕਾਫੀ ਐਕਟਿਵ ਰਹਿੰਦੀ ਹੈ। ਇਕੱਲੇ ਇੰਸਟਾਗ੍ਰਾਮ 'ਤੇ ਲੱਖਾਂ ਯੂਜ਼ਰਸ ਉਸ ਨੂੰ ਫਾਲੋ ਕਰਦੇ ਹਨ। ਲਵ ਲਾਈਫ ਦੀ ਗੱਲ ਕਰੀਏ ਤਾਂ ਉਹ ਲੰਬੇ ਸਮੇਂ ਤੋਂ ਅਦਾਕਾਰ ਅਲੀ ਗੋਨੀ ਨੂੰ ਡੇਟ ਕਰ ਰਹੀ ਹੈ। ਹੁਣ ਆਉਂਦੇ ਹਾਂ ਜੈਸਮੀਨ ਭਸੀਨ ਦੀ ਨੈੱਟ ਵਰਥ 'ਤੇ।

ਦੌਲਤ ਦੇ ਮਾਮਲੇ 'ਚ ਉਹ ਬਾਲੀਵੁੱਡ ਦੀਆਂ ਕਈ ਹੀਰੋਇਨਾਂ ਤੋਂ ਜ਼ਿਆਦਾ ਅਮੀਰ ਹੈ। ਖ਼ਬਰਾਂ ਅਨੁਸਾਰ, ਨੇਹਾ ਭਸੀਨ ਕੁੱਲ ਜਾਇਦਾਦ 41 ਕਰੋੜ ਰੁਪਏ (ਅੰਦਾਜ਼ਨ) ਹੈ। ਉਹ ਟੀਵੀ ਸ਼ੋਅ, ਫਿਲਮਾਂ, ਐਲਬਮਾਂ, ਯੂਟਿਊਬ ਵੀਲੌਗ ਦੇ ਨਾਲ-ਨਾਲ ਬ੍ਰਾਂਡ ਐਂਡੋਰਸਮੈਂਟਾਂ ਤੋਂ ਕਮਾਈ ਕਰਦੀ ਹੈ। ਜੈਸਮੀਨ ਭਸੀਨ ਦੀ ਤਰੱਕੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਹੁਣ ਮੁੰਬਈ ਵਰਗੇ ਵੱਡੇ ਸ਼ਹਿਰ ਵਿੱਚ ਆਪਣੇ ਸੁਫ਼ਨਿਆਂ ਦੇ ਘਰ ਵਿੱਚ ਵਸ ਗਈ ਹੈ। ਸਾਲ 2021 ਵਿੱਚ ਉਸਨੇ ਕਰੋੜਾਂ ਰੁਪਏ ਦਾ ਆਪਣਾ ਘਰ ਖਰੀਦਿਆ ਸੀ।

# ਮਮਤਾ ਕੁਲਕਰਨੀ ਨੇ ਮਹਾਮੰਡਲੇਸ਼ਵਰ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ



ਬਾਲੀਵੁੱਡ ਦੀ ਸਾਬਕਾ ਅਦਾਕਾਰਾ ਮਮਤਾ ਕੁਲਕਰਨੀ ਨੇ ਸੋਮਵਾਰ ਨੂੰ ਕਿੰਨਰ ਅਖਾੜੇ ਦੇ ਮਹਾਮੰਡਲੇਸ਼ਵਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਹ ਖ਼ਬਰ ਉਦੋਂ ਆਈ ਹੈ ਜਦੋਂ ਕੁਝ ਦਿਨ ਪਹਿਲਾਂ ਹੀ ਉਸ ਨੂੰ ਇਸ ਅਹੁਦੇ ਤੋਂ ਕੱਢ ਦਿੱਤਾ ਗਿਆ ਸੀ। ਉਨ੍ਹਾਂ ਦੇ ਨਾਲ ਹੀ ਲਕਸ਼ਮੀ ਨਾਰਾਇਣ ਤ੍ਰਿਪਾਠੀ ਨੂੰ ਵੀ ਆਚਾਰੀਆ ਮਹਾਮੰਡਲੇਸ਼ਵਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਇਹ ਕਾਰਵਾਈ ਕਿੰਨਰ ਅਖਾੜੇ ਦੇ ਸੰਸਥਾਪਕ ਅਜੈ ਦਾਸ ਨੇ ਕੀਤੀ। ਮਮਤਾ ਕੁਲਕਰਨੀ ਨੇ ਇੰਸਟਾਗ੍ਰਾਮ 'ਤੇ ਵੀਡੀਓ ਸ਼ੇਅਰ ਕਰ ਕੇ ਕਿੰਨਰ ਅਖਾੜੇ ਦੇ ਮਹਾਮੰਡਲੇਸ਼ਵਰ ਅਹੁਦੇ ਤੋਂ ਅਸਤੀਫ਼ੇ ਦਾ ਐਲਾਨ ਕੀਤਾ ਹੈ। ਉਹ ਕਹਿ ਰਹੀ ਹੈ,"ਮੈਂ ਮਹਾਮੰਡਲੇਸ਼ਵਰ, ਯਮਾਈ ਮਮਤਾ ਨੰਦ ਗਿਰੀ, ਅਹੁਦੇ ਤੋਂ ਅਸਤੀਫ਼ਾ ਦੇ ਰਹੀ ਹਾਂ। ਅੱਜ ਕਿੰਨਰ ਅਖਾੜੇ ਜਾਂ ਦੋਵੇਂ ਅਖਾੜਿਆਂ ਦਰਮਿਆਨ ਮੈਨੂੰ ਲੈ ਕੇ ਜੋ ਵਿਵਾਦ ਚੱਲ ਰਿਹਾ ਹੈ, ਇਸ ਲਈ ਮੈਂ ਇਹ ਅਸਤੀਫ਼ਾ ਦੇ ਰਹੀ ਹਾਂ। ਮੈਂ ਪਿਛਲੇ 25 ਸਾਲਾਂ ਤੋਂ ਸਾਧਵੀ ਸੀ ਅਤੇ ਮੈਂ ਅੱਗੇ ਵੀ ਸਾਧਵੀ ਹੀ ਰਹਾਂਗੀ।"

ਮਮਤਾ ਨੇ ਅੱਗੇ ਕਿਹਾ,"ਇਹ ਮਹਾਮੰਡਲੇਸ਼ਵਰ ਦਾ ਮੈਨੂੰ ਜੋ ਸਨਮਾਨ ਦਿੱਤਾ ਗਿਆ ਸੀ, ਉਹ ਇਕ ਤਰ੍ਹਾਂ ਦਾ ਉਹ ਸਨਮਾਨ ਹੁੰਦਾ ਹੈ, ਜਿਸ 'ਚ ਇਕ ਇਨਸਾਨ ਜਿਸ ਨੇ 25 ਸਾਲ ਸਵੀਮਿੰਗ ਕੀਤੀ ਹੋਵੇ, ਉਸ ਨੂੰ ਇਹ ਕਿਹਾ ਜਾਂਦਾ ਹੈ ਕਿ ਅੱਜ ਤੋਂ ਬਾਅਦ ਜੋ ਬੱਚੇ ਸਵੀਮਿੰਗ ਕਰਨ ਆਉਣਗੇ, ਉਨ੍ਹਾਂ ਨੂੰ ਸਵੀਮਿੰਗ ਦਾ ਗਿਆਨ ਦੇਣਾ ਪਰ ਇਹ ਕੁਝ ਲੋਕਾਂ ਲਈ ਇਤਰਾਜ਼ਯੋਗ ਹੋ ਗਿਆ।" ਮਮਤਾ ਨੇ ਕਿਹਾ,"ਬਾਲੀਵੁੱਡ ਤਾਂ ਮੈਂ 25 ਸਾਲ ਪਹਿਲਾਂ ਛੱਡ ਦਿੱਤਾ ਸੀ। ਮੈਂ ਆਪਣੇ ਆਪ ਗਾਇਬ ਰਹੀ ਨਹੀਂ ਤਾਂ ਮੇਕਅੱਪ ਤੋਂ, ਬਾਲੀਵੁੱਡ ਤੋਂ ਇੰਨਾ ਦੂਰ ਕੌਣ ਰਹਿੰਦਾ ਹੈ। ਮੇਰੀਆਂ ਕਾਫ਼ੀ ਚੀਜ਼ਾਂ 'ਤੇ ਲੋਕਾਂ ਦੀ ਪ੍ਰਤਿਕਿਰਿਆ ਹੈ ਕਿ ਮੈਂ ਇਹ ਕਿਉਂ ਕਰਦੀ ਹਾਂ, ਉਹ ਕਿਉਂ ਕਰਦੀ ਹਾਂ। ਨਾਰਾਇਣ ਤਾਂ ਸਭ ਸੰਪੰਨ ਹਨ। ਉਹ ਸਾਰੇ ਤਰ੍ਹਾਂ ਦੇ ਗਹਿਣੇ ਪਹਿਨ ਕੇ, ਧਾਰਨ ਕਰੇ ਮਹਾਯੋਗੀ ਹਨ, ਭਗਵਾਨ ਹਨ। ਕੋਈ ਦੇਵੀ-ਦੇਵਤਾ ਤੁਸੀਂ ਦੇਖੋਗੇ ਕਿਸੇ ਤਰ੍ਹਾਂ ਦੇ ਸ਼ਿੰਗਾਰ ਤੋਂ ਘੱਟ ਨਹੀਂ ਅਤੇ ਮੇਰੇ ਸਾਹਮਣੇ ਸਭ ਆਏ ਸਨ, ਸਾਰੇ ਇਸੇ ਸ਼ਿੰਗਾਰ 'ਚ ਆ ਗਏ ਸਨ।"





# ਹੀਰੋਇਨ ਬਣਦੇ ਹੀ ਮੋਨਾਲੀਸਾ ਦੀ ਬਦਲੀ ਲੁੱਕ

ਮਹਾਕੁੰਭ 2025 ਕਾਰਨ ਖ਼ਬਰਾਂ ਵਿੱਚ ਆਈ ਵਾਇਰਲ ਗਰਲ ਮੋਨਾਲੀਸਾ 'ਤੇ ਭਗਵਾਨ ਸ਼ਿਵ ਦੀ ਕਿਰਪਾ ਹੋਈ ਕਿ ਉਹ ਰਾਤੋਂ-ਰਾਤ ਸਟਾਰ ਬਣ ਗਈ। ਹਰ ਜਗ੍ਹਾ ਮੋਨਾਲੀਸਾ ਦੀਆਂ ਗੱਲਾਂ ਹੋ ਰਹੀਆਂ ਹਨ ਅਤੇ ਹੋਣ ਵੀ ਕਿਉਂ ਨਾ, ਇਕ ਰੁਦਰਾਕਸ਼ ਵੇਚਣ ਵਾਲੀ ਕੁੜੀ ਫਿਲਮ ਸਟਾਰ ਬਣ ਗਈ ਹੈ। ਜੀ ਹਾਂ, ਮਸ਼ਹੂਰ ਫਿਲਮ ਨਿਰਮਾਤਾ ਸਨੋਜ ਮਿਸ਼ਰਾ ਨੇ ਉਨ੍ਹਾਂ ਨੂੰ ਆਪਣੀ ਫਿਲਮ ਦੀ ਪੇਸ਼ਕਸ਼ ਕੀਤੀ ਅਤੇ ਕਿਹਾ ਜਾ ਰਿਹਾ ਹੈ ਕਿ ਫਿਲਮ ਦੀ ਸ਼ੂਟਿੰਗ ਵੀ ਸ਼ੁਰੂ ਹੋ ਗਈ ਹੈ। ਇਸ ਦੌਰਾਨ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ ਜਿਸ ਵਿੱਚ ਮੋਨਾਲੀਸਾ ਦੇ ਨਵੇਂ ਲੁੱਕ ਨੂੰ ਦੇਖ ਕੇ ਲੋਕ ਆਪਣੀਆਂ ਅੱਖਾਂ 'ਤੇ ਵਿਸ਼ਵਾਸ ਨਹੀਂ ਕਰ ਪਾ ਰਹੇ।

### ਮੋਨਾਲੀਸਾ ਦਾ ਨਵਾਂ ਲੁੱਕ ਹੋਇਆ ਵਾਇਰਲ

ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ ਜਿਸ ਵਿੱਚ ਮਹਾਂਕੁੰਭ ਤੋਂ ਵਾਇਰਲ ਹੋਈ ਮੋਨਾਲੀਸਾ ਦਾ ਨਵਾਂ ਲੁੱਕ ਸਾਹਮਣੇ ਆਇਆ ਹੈ। ਕਥਿਤ ਤੌਰ 'ਤੇ ਇਹ ਵੀਡੀਓ ਫਿਲਮ ਦੇ ਸ਼ੂਟਿੰਗ ਦੇ ਸੈੱਟ ਦਾ ਹੈ। ਮੋਨਾਲੀਸਾ ਜੋ ਕਿ ਮਹਾਂਕੁੰਭ ਵਿੱਚ ਆਪਣੀ ਸਾਦਗੀ ਨਾਲ ਲੋਕਾਂ ਵਿੱਚ ਖਿੱਚ ਦਾ ਕੇਂਦਰ ਬਣੀ ਹੋਈ ਸੀ, ਹੁਣ ਆਪਣੇ ਮੇਕਅੱਪ ਲੁੱਕ ਨਾਲ ਲੋਕਾਂ ਦੇ ਦਿਲਾਂ ਦੀ ਧੜਕਣ ਵਧਾ ਰਹੀ ਹੈ। ਇਸ ਵੀਡੀਓ ਵਿੱਚ ਤੁਸੀਂ ਦੇਖ ਸਕਦੇ ਹੋ ਕਿ ਉਹ ਬਹੁਤ ਖੂਬਸੂਰਤ ਲੱਗ ਰਹੀ ਹੈ, ਹਰ ਕੋਈ ਉਸਦਾ ਅੰਦਾਜ਼ ਦੇਖ ਕੇ ਹੈਰਾਨ ਹੈ ਅਤੇ ਵਿਸ਼ਵਾਸ ਨਹੀਂ ਕਰ ਸਕਦਾ ਕਿ ਇਹ ਉਹੀ ਵਾਇਰਲ ਕੁੜੀ ਹੈ ਜੋ ਮਹਾਂਕੁੰਭ ਤੋਂ ਸੁਰਖੀਆਂ ਵਿੱਚ ਆਈ ਸੀ।

### ਨਸ਼ੀਲੀਆਂ ਅੱਖਾਂ ਵਾਲੀ ਮੋਨਾਲੀਸਾ ਲਈ ਯੂਜ਼ਰਸ ਨੇ ਕੀਤੇ ਕੁਮੈਂਟ

ਮੋਨਾਲੀਸਾ ਆਪਣੀਆਂ ਖੂਬਸੂਰਤ ਅੱਖਾਂ ਕਾਰਨ ਸੁਰਖੀਆਂ ਵਿੱਚ ਰਹੀ ਹੈ। ਹੁਣ ਉਸਨੂੰ ਫਿਲਮਾਂ ਦੇ ਆਫਰ ਵੀ ਮਿਲ ਰਹੇ ਹਨ। ਹੁਣ ਲੋਕ ਉਸਦੀ ਨਵੀਂ ਵਾਇਰਲ ਵੀਡੀਓ ਨੂੰ ਦੇਖ ਕੇ ਟਿੱਪਣੀਆਂ ਕਰ ਰਹੇ ਹਨ। ਇੱਕ ਨੇ ਲਿਖਿਆ - ਕੁੰਭ ਦੀ ਵਾਇਰਲ ਗਰਲ ਮੋਨਾਲੀਸਾ ਹੁਣ ਇੱਕ ਹਾਈ-ਫੈਸ਼ਨ ਮਾਡਲ ਲੁੱਕ ਵਿੱਚ ਹੈ! ਅਤਿ ਆਧੁਨਿਕ ਸ਼ੈਲੀ, ਸੰਪੂਰਨ ਰਵੱਈਆ ਅਤੇ ਸੁਪਰਸਟਾਰ ਵਰਗੇ ਵਾਈਬਸ - ਉਹ ਪੂਰੇ ਫੈਸ਼ਨ ਇੰਡਸਟਰੀ ਦੀ ਰਾਣੀ ਵਾਂਗ ਦਿਖਦੀ ਹੈ! ਇੱਕ ਹੋਰ ਨੇ ਲਿਖਿਆ - ਉਹ ਬਹੁਤ ਸੋਹਣੀ ਲੱਗ ਰਹੀ ਹੈ। ਤੀਜੇ ਨੇ ਲਿਖਿਆ: ਸੋ ਬਿਊਟੀਫੁੱਲ। ਇਸੇ ਤਰ੍ਹਾਂ ਦੀਆਂ ਹੋਰ ਵੀ ਕਈ ਟਿੱਪਣੀਆਂ ਸਾਹਮਣੇ ਆਈਆਂ ਹਨ।

### ਵਾਇਰਲ ਵੀਡੀਓ ਦਾ ਸੱਚ ਕੀ ਹੈ?

ਮੋਨਾਲੀਸਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ ਜਿਸ ਵਿੱਚ ਲੋਕ ਉਸਦਾ ਬਦਲਿਆ ਹੋਇਆ ਲੁੱਕ ਦੇਖ ਕੇ ਵਿਸ਼ਵਾਸ ਨਹੀਂ ਕਰ ਪਾ ਰਹੇ ਕਿ ਇਹ ਉਹੀ ਮੋਨਾਲੀਸਾ ਹੈ। ਤੁਹਾਨੂੰ ਦੱਸ ਦੇਈਏ ਕਿ ਜਗਬਾਣੀ ਵਾਇਰਲ ਵੀਡੀਓ ਅਸਲੀ ਹੈ ਜਾਂ ਨਹੀਂ, ਇਸ ਦੀ ਪੁਸ਼ਟੀ ਨਹੀਂ ਕਰਦਾ, ਕਿਉਂਕਿ ਇਸਨੂੰ ਦੇਖਣ ਤੋਂ ਬਾਅਦ, ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਹ ਇੱਕ ਅੀ ਦੁਆਰਾ ਤਿਆਰ ਕੀਤਾ ਗਿਆ ਵੀਡੀਓ ਹੈ।

## ਸੋਸ਼ਲ ਮੀਡੀਆ ਤੋਂ ਪਹਿਲਾਂ ਜ਼ਿੰਦਗੀ ਸੌਖੀ ਹੁੰਦੀ ਸੀ:

# ਸਲਮਾਨ ਖਾਨ



ਨਵੀਂ ਦਿੱਲੀ: ਬੌਲੀਵੁੱਡ ਅਦਾਕਾਰ ਸਲਮਾਨ ਖਾਨ ਨੇ ਕਿਹਾ ਕਿ ਸੋਸ਼ਲ ਮੀਡੀਆ ਦੀਆਂ ਪੋਸਟਾਂ 'ਤੇ ਸਕਰੋਲਿੰਗ ਕਰਦੇ ਰਹਿਣਾ ਦਿਮਾਗੀ ਮਾਰ ਵਰਗਾ ਹੈ। ਉਸ ਨੇ ਕਿਹਾ ਕਿ ਸੋਸ਼ਲ ਮੀਡੀਆ ਤੋਂ ਬਿਨਾਂ ਜ਼ਿੰਦਗੀ ਸਾਦੀ ਅਤੇ ਸੌਖੀ ਸੀ। 59 ਸਾਲਾ ਅਦਾਕਾਰ ਆਪਣੇ ਭਤੀਜੇ ਅਰਹਾਨ ਖਾਨ ਅਤੇ ਉਸ ਦੇ ਦੋਸਤਾਂ ਨਾਲ 'ਡੰਬ ਬ੍ਰਿਯਾਨੀ' ਪੌਡਕਾਸਟ 'ਤੇ ਗੱਲਬਾਤ ਕਰ ਰਿਹਾ ਸੀ। ਜ਼ਿਕਰਯੋਗ ਹੈ ਕਿ ਅਦਾਕਾਰ ਦੇ ਫੇਸਬੁੱਕ, 'ਐਕਸ' ਅਤੇ ਇੰਸਟਾਗ੍ਰਾਮ ਖਾਤੇ 'ਤੇ ਕੁੱਲ 16 ਕਰੋੜ ਫੋਲੋਅਰਜ਼ ਹਨ। ਯੂਟਿਊਬ ਚੈੱਨਲ 'ਤੇ ਇਸ ਪੌਡਕਾਸਟ ਦੌਰਾਨ ਗੱਲਬਾਤ ਕਰਦਿਆਂ ਅਦਾਕਾਰ ਨੇ ਕਿਹਾ, 'ਸੋਸ਼ਲ ਮੀਡੀਆ ਤੋਂ ਪਹਿਲਾਂ ਤੁਹਾਨੂੰ ਇਹ ਨਹੀਂ ਸੀ ਪਤਾ ਕਿ ਕੌਣ ਕਿੱਥੇ ਅਤੇ ਕਿਸ ਨਾਲ ਗਿਆ ਸੀ। ਹੁਣ ਤੁਸੀਂ ਆਪਣਾ ਫੋਨ ਚੁੱਕੋ ਅਤੇ ਤੁਸੀਂ ਜਿਸ ਨੂੰ ਫਾਲੋ ਕੀਤਾ ਹੋਇਆ ਹੈ, ਉਹ ਕਿੱਥੇ ਗਿਆ, ਕਿਸ ਨੂੰ ਮਿਲਿਆ ਇਸ ਬਾਰੇ ਇੱਕ ਤੋਂ ਬਾਅਦ ਇੱਕ ਪੋਸਟ ਰਾਹੀਂ ਤੁਹਾਨੂੰ ਸਾਰੀ ਜਾਣਕਾਰੀ ਮਿਲ ਜਾਵੇਗੀ।' ਸਲਮਾਨ ਖਾਨ ਨੂੰ ਉਸ ਦੀਆਂ ਫਿਲਮਾਂ 'ਮੈਨੇ ਪਿਆਰ ਕੀਆ', 'ਟਾਈਗਰ', 'ਬਜਰੰਗੀ ਭਾਈਜਾਨ' ਅਤੇ 'ਵਾਂਟਿਡ' ਕਰ ਕੇ ਜਾਣਿਆ ਜਾਂਦਾ ਹੈ। ਉਸ ਨੇ ਕਿਹਾ ਕਿ ਤੁਹਾਨੂੰ ਆਪਣੇ ਅਤੀਤ ਦਾ ਬੋਝ ਨਹੀਂ ਚੁੱਕਣਾ ਚਾਹੀਦਾ ਹੈ ਸਗੋਂ ਇਸ ਤੋਂ ਸਿੱਖਣਾ ਚਾਹੀਦਾ ਹੈ। ਇਸ ਪੌਡਕਾਸਟ ਦੌਰਾਨ ਸਲਮਾਨ ਨੇ ਆਪਣੇ ਭਤੀਜੇ ਅਰਹਾਨ ਖਾਨ ਅਤੇ ਉਸ ਦੇ ਦੋਸਤਾਂ ਨੂੰ ਹਿੰਦੀ ਨਾ ਬੋਲਣ ਲਈ ਝਿੜਕਿਆ। ਉਸ ਨੇ ਕਿਹਾ, 'ਤੁਸੀਂ ਕੁਝ ਵੀ ਬੋਲੋ ਮੈਂ ਤੁਹਾਡੀ ਹਿੰਦੀ ਸਹੀ ਕਰਾਂਗਾ। ਤੁਹਾਨੂੰ ਸ਼ਰਮ ਮਹਿਸੂਸ ਕਰਨੀ ਚਾਹੀਦੀ ਹੈ ਕਿ ਤੁਹਾਨੂੰ ਹਿੰਦੀ ਨਹੀਂ ਆਉਂਦੀ। ਤੁਹਾਨੂੰ ਹਿੰਦੀ ਬੋਲਣ ਵਾਲੇ ਦਰਸ਼ਕਾਂ ਦਾ ਵੀ ਖ਼ਿਆਲ ਰੱਖਣਾ ਚਾਹੀਦਾ ਹੈ।'

# ਕੀ ਗਾਇਕ Ed Sheeran ਨੇ ਸਟ੍ਰੀਟ ਸ਼ੋਅ ਲਈ ਪੁਲਿਸ ਦੀ ਲਈ ਸੀ ਮਨਜ਼ੂਰੀ, ਖੁੱਲ੍ਹਿਆ ਭੇਤ



ਬੰਗਲੁਰੂ- ਬ੍ਰਿਟਿਸ਼ ਗਾਇਕ ਐਡ ਸ਼ੀਰਨ ਦੇ ਹਾਲ ਹੀ 'ਚ ਬੰਗਲੁਰੂ ਦੇ ਚਰਚ ਸਟ੍ਰੀਟ 'ਤੇ ਸੜਕ ਕਿਨਾਰੇ ਲਾਈਵ ਪ੍ਰਦਰਸ਼ਨ ਨੂੰ ਪੁਲਸ ਨੇ ਰੋਕ ਦਿੱਤਾ। ਇਸ ਨਾਲ ਉਸ ਦੇ ਪ੍ਰਸ਼ੰਸਕ ਹੈਰਾਨ ਰਹਿ ਗਏ। ਇਸ ਘਟਨਾ ਤੋਂ ਬਾਅਦ, ਗਾਇਕ ਦੀ ਟੀਮ ਨੇ ਦਾਅਵਾ ਕੀਤਾ ਕਿ ਪ੍ਰਦਰਸ਼ਨ ਛੋਟਾ ਸੀ ਅਤੇ ਪਹਿਲਾਂ ਹੀ ਇਜਾਜ਼ਤ ਲਈ ਗਈ ਸੀ। ਹੁਣ ਪੁਲਸ ਨੇ ਇਸ ਮਾਮਲੇ ਸਬੰਧੀ ਵੱਡਾ ਖੁਲਾਸਾ ਕੀਤਾ ਹੈ। ਪੁਲਸ ਅਨੁਸਾਰ ਅਜਿਹੀ ਕੋਈ ਇਜਾਜ਼ਤ ਨਹੀਂ ਦਿੱਤੀ ਗਈ ਸੀ।

### ਪੁਲਸ ਨੇ ਨਹੀਂ ਦਿੱਤੀ ਇਜਾਜ਼ਤ

ਡੀ.ਸੀ.ਪੀ. ਸੈਂਟਰਲ ਬੰਗਲੁਰੂ ਸ਼ੇਖਰ ਟੀ ਟੇਕਨਵਰ ਦੇ ਅਨੁਸਾਰ ਪ੍ਰੋਗਰਾਮ ਦੇ ਪ੍ਰਬੰਧਕਾਂ ਵਿੱਚੋਂ ਇੱਕ ਉਨ੍ਹਾਂ ਨੂੰ ਮਿਲਣ ਆਇਆ ਸੀ ਅਤੇ ਚਰਚ ਸਟਰੀਟ 'ਤੇ ਵਿਰੋਧ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਮੰਗੀ ਸੀ। ਹਾਲਾਂਕਿ, ਸ਼ੇਖਰ ਟੀ ਟੇਕਨਵਰ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਉਸ ਜਗ੍ਹਾ 'ਤੇ ਭਾਰੀ ਭੀੜ ਨੂੰ ਦੇਖਦੇ ਹੋਏ ਇਜਾਜ਼ਤ ਨਹੀਂ ਦਿੱਤੀ ਗਈ ਸੀ।

### ਇਹ ਕਿਹਾ ਡੀ.ਸੀ.ਪੀ. ਨੇ

ਉਸ ਨੇ ਕਿਹਾ, "ਪ੍ਰੋਗਰਾਮ ਪ੍ਰਬੰਧਕਾਂ ਵਿੱਚੋਂ ਇੱਕ ਮੈਂਬਰ ਚਰਚ ਸਟਰੀਟ 'ਤੇ ਇੱਕ ਸੜਕ ਕਿਨਾਰੇ ਪ੍ਰਦਰਸ਼ਨ ਦੀ ਇਜਾਜ਼ਤ ਲੈਣ ਲਈ ਮੈਨੂੰ ਮਿਲਣ ਆਇਆ। ਮੈਂ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਚਰਚ ਸਟਰੀਟ ਬਹੁਤ ਭੀੜ-ਭੜੱਕੇ ਵਾਲੀ ਹੈ। ਇਸ ਲਈ ਉਸ ਨੂੰ ਜਗ੍ਹਾ ਖਾਲੀ ਕਰਨ ਲਈ ਕਿਹਾ ਗਿਆ।"

### ਕਲਿੱਪ ਹੋ ਰਹੀ ਹੈ ਵਾਇਰਲ

ਇੱਕ ਵਾਇਰਲ ਵੀਡੀਓ 'ਚ, ਐਡ ਸ਼ੀਰਨ 'ਸ਼ੇਪ ਆਫ ਯੂ' ਗੀਤ ਨਾਲ ਆਪਣੀ ਪੇਸ਼ਕਾਰੀ ਦੀ ਸ਼ੁਰੂਆਤ ਕਰਦੇ ਹੋਏ ਦਿਖਾਈ ਦੇ ਰਹੇ ਹਨ। ਉਹ ਆਪਣੇ ਪ੍ਰਸ਼ੰਸਕਾਂ ਨਾਲ ਜੁੜਨ ਲਈ ਪੂਰੀ ਤਰ੍ਹਾਂ ਉਤਸ਼ਾਹਿਤ ਦਿਖਾਈ ਦੇ ਰਿਹਾ ਹੈ ਪਰ ਉਸਦੇ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਬਾਅਦ, ਪੁਲਸ ਅਧਿਕਾਰੀ ਆਉਂਦੇ ਹਨ ਅਤੇ ਉਸ ਦਾ ਸਾਊਂਡ ਸਿਸਟਮ ਕੱਟ ਦਿੰਦੇ ਹਨ।

### ਭਾਰਤ ਦੌਰੇ 'ਤੇ ਹਨ ਬ੍ਰਿਟਿਸ਼ ਗਾਇਕ

ਐਡ ਸ਼ੀਰਨ ਇਸ ਸਮੇਂ ਭਾਰਤ ਦੇ ਸੰਗੀਤ ਸਮਾਰੋਹਾਂ ਲਈ ਭਾਰਤ ਦੇ ਦੌਰੇ 'ਤੇ ਹਨ। ਉਸ ਨੇ ਹੈਦਰਾਬਾਦ ਅਤੇ ਚੇਨਈ 'ਚ ਪ੍ਰਦਰਸ਼ਨ ਕੀਤਾ ਹੈ। ਉਸ ਨੇ ਏ.ਆਰ. ਰਹਿਮਾਨ ਨਾਲ ਸਟੇਜ ਸਾਂਝੀ ਕਰਕੇ ਚੇਨਈ ਵਿੱਚ ਬਹੁਤ ਚਰਚਾ ਪੈਦਾ ਕੀਤੀ। ਇਸ ਤੋਂ ਬਾਅਦ ਏ.ਆਰ. ਰਹਿਮਾਨ ਨੇ ਇੱਕ ਇੰਸਟਾਗ੍ਰਾਮ ਪੋਸਟ ਰਾਹੀਂ ਉਸ ਨਾਲ ਆਪਣੀਆਂ ਤਸਵੀਰਾਂ ਸਾਂਝੀਆਂ ਕੀਤੀਆਂ।

# ਫਿਰ ਵੱਡੇ ਹਾਦਸੇ ਦਾ ਸ਼ਿਕਾਰ ਹੋਏ ਮਸ਼ਹੂਰ ਅਦਾਕਾਰ, ਚਕਨਾਚੂਰ ਹੋਈ ਕਾਰ

ਮੁੰਬਈ - ਸਾਊਥ ਐਕਟਰ ਅਜੀਤ ਕੁਮਾਰ ਦੇ ਪ੍ਰਸ਼ੰਸਕਾਂ ਲਈ ਇਕ ਪਰੇਸ਼ਾਨ ਕਰਨ ਵਾਲੀ ਖਬਰ ਸਾਹਮਣੇ ਆਈ ਹੈ। ਅਭਿਨੇਤਾ ਨੂੰ ਇੱਕ ਆਗਾਮੀ ਰੇਸਿੰਗ ਈਵੈਂਟ ਦੀ ਸਿਖਲਾਈ ਦੇ ਦੌਰਾਨ ਦੁਰਘਟਨਾ ਦਾ ਸਾਹਮਣਾ ਕਰਨਾ ਪਿਆ, ਜਿਸ ਵਿੱਚ ਉਸਦੀ ਕਾਰ ਨੂੰ ਵੱਡਾ ਨੁਕਸਾਨ ਹੋਇਆ। ਇਸ ਹਾਦਸੇ ਵਿਚ ਅਦਾਕਾਰ ਦੀ ਜਾਨ ਬਹੁਤ ਮੁਸ਼ਕਲ ਨਾਲ ਬਚੀ ਅਤੇ ਉਹ ਪੂਰੀ ਤਰ੍ਹਾਂ ਠੀਕ ਹਨ। ਇਸ ਤੋਂ ਬਾਅਦ ਵੀ 'ਅਜੀਤ' ਦੇ ਪ੍ਰਸ਼ੰਸਕ ਉਸ ਦੇ ਹਾਦਸੇ ਦੀ ਖ਼ਬਰ ਜਾਣ ਕੇ ਚਿੰਤਤ ਹਨ।

### ਹਾਦਸਾ ਕਿਵੇਂ ਹੋਇਆ?

ਦਰਅਸਲ, ਅਜੀਤ ਕੁਮਾਰ ਪੁਰਤਗਾਲ ਵਿੱਚ ਐਸਟੋਰਿਅਲ ਵਿੱਚ ਇੱਕ ਵੱਡੇ ਮੋਟਰਸਪੋਰਟਸ ਰੇਸਿੰਗ ਈਵੈਂਟ ਤੋਂ ਪਹਿਲਾਂ ਟਰੇਨਿੰਗ ਦੌਰਾਨ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਉਹ ਸਪਰਿਟ ਚੈਲੇਂਜ ਲਈ ਐਸਟੋਰੀਅਲ ਟ੍ਰੈਕ 'ਤੇ ਸਿਖਲਾਈ ਸੈਸ਼ਨ ਦੌਰਾਨ ਦੁਰਘਟਨਾ ਦਾ ਸ਼ਿਕਾਰ ਹੋ ਗਿਆ। ਹਾਲਾਂਕਿ ਉਸ ਨੂੰ ਬਚਾ ਲਿਆ ਗਿਆ ਅਤੇ ਪੂਰੀ ਤਰ੍ਹਾਂ ਸੁਰੱਖਿਅਤ ਹੈ ਪਰ ਅਜੀਤ ਦੀ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ।

ਇਸ ਹਾਦਸੇ ਤੋਂ ਬਾਅਦ ਅਜੀਤ ਕੁਮਾਰ ਨੇ ਇਕ ਇੰਟਰਵਿਊ ਦੌਰਾਨ ਇਸ ਬਾਰੇ ਗੱਲ ਕੀਤੀ ਅਤੇ ਇਸ ਨੂੰ ਮਾਮੂਲੀ ਹਾਦਸਾ ਦੱਸਿਆ। ਅਭਿਨੇਤਾ ਨੇ ਕਿਹਾ, "ਅਸੀਂ ਫਿਰ ਤੋਂ ਚੰਗਾ ਸਮਾਂ ਬਿਤਾ ਰਹੇ ਹਾਂ, ਹਾਲਾਂਕਿ ਅਸੀਂ ਇੱਕ ਦੁਰਘਟਨਾ ਦਾ ਸ਼ਿਕਾਰ ਹੋ ਗਏ ਸੀ ਪਰ ਕਿਸੇ ਨੂੰ ਕੁਝ ਨਹੀਂ ਹੋਇਆ। ਅਸੀਂ ਫਿਰ ਤੋਂ ਕਾਰ ਰੇਸ ਜਿੱਤਾਂਗੇ। ਅਸੀਂ ਉਨ੍ਹਾਂ ਦੋਸਤਾਂ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੇ ਇਸ ਹਾਦਸੇ ਦੌਰਾਨ ਸਾਡਾ ਸਾਥ ਦਿੱਤਾ ਅਤੇ ਸਾਨੂੰ ਬਚਾਇਆ। ਉਨ੍ਹਾਂ ਸਾਰਿਆਂ ਦਾ ਧੰਨਵਾਦ।" ਇਸ ਤੋਂ ਪਹਿਲਾਂ ਵੀ ਰੇਸਿੰਗ ਟਰੈਕ 'ਤੇ ਹਾਦਸਿਆਂ ਦਾ ਸ਼ਿਕਾਰ ਹੋ ਚੁੱਕੇ ਹਨ।

ਅਜੀਤ ਕੁਮਾਰ ਮਹੀਨਾ ਪਹਿਲਾਂ ਵੀ ਇਸੇ ਤਰ੍ਹਾਂ ਦੇ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਉਹ 8 ਜਨਵਰੀ ਦੇ ਆਸ-ਪਾਸ ਦੁਬਈ 'ਚ ਹੋਣ ਵਾਲੀ ਰੇਸ ਚੈਂਪੀਅਨਸ਼ਿਪ 'ਚ ਹਿੱਸਾ ਲੈਣ ਗਿਆ ਸੀ, ਜਿੱਥੇ ਉਹ ਤੇਜ਼ ਰਫਤਾਰ ਨਾਲ ਗੱਡੀ ਚਲਾ ਰਿਹਾ ਸੀ, ਜਿਸ ਦੌਰਾਨ ਉਸ ਦਾ ਕਾਰ 'ਤੇ ਕੰਟਰੋਲ ਟੁੱਟ ਗਿਆ ਅਤੇ ਉਸ ਦੀ ਕਾਰ ਹਾਦਸਾਗ੍ਰਸਤ ਹੋ ਗਈ। ਹਾਦਸੇ ਵਿੱਚ ਉਸਦੀ ਪੋਰਸ਼ 992 ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਹਾਲਾਂਕਿ ਇਸ ਹਾਦਸੇ 'ਚ ਵੀ ਅਭਿਨੇਤਾ



# ਵਿਸ਼ਵ ਦੇ ਮਹਾਨ ਖਿਡਾਰੀ-60 'ਬਿਗ ਬੀਅਰ' ਬੌਕਸਰ ਸੋਨੀ ਲਿਸਟਨ



ਪ੍ਰਿੰਸੀਪਲ ਸਰਵਣ ਸਿੰਘ

ਸੋਨੀ ਲਿਸਟਨ ਨੂੰ ਬੌਕਸਿੰਗ ਦਾ 'ਬਿਗ ਬੀਅਰ' ਕਿਹਾ ਜਾਂਦਾ ਸੀ। ਉਹ ਮੁੱਕੇਬਾਜ਼ੀ ਦਾ ਵਿਲੱਖਣ ਵਿਸ਼ਵ ਚੈਂਪੀਅਨ ਸੀ। ਜੁਰਮ ਕਰਨੇ ਤੇ ਜੇਲ੍ਹ ਜਾਣਾ ਉਸ ਦੀ ਆਦਤ ਸੀ। ਮੁੱਕੇਬਾਜ਼ੀ ਦੀ ਮੁੱਢਲੀ ਸਿਖਲਾਈ ਵੀ ਉਸ ਨੂੰ ਜੇਲ੍ਹ ਵਿਚ ਹੀ ਮਿਲੀ ਸੀ। 25 ਸਤੰਬਰ 1962 ਨੂੰ ਉਹ ਹੈਵੀਵੇਟ ਵਰਲਡ ਚੈਂਪੀਅਨ ਫਲੋਇਡ ਪੈਟਰਸਨ ਨੂੰ ਨਾਕ ਆਊਟ ਕਰ ਕੇ ਵਿਸ਼ਵ ਚੈਂਪੀਅਨ ਬਣਿਆ ਸੀ। ਇਹ ਪਹਿਲਾ ਮੌਕਾ ਸੀ ਕਿ ਕੋਈ ਮੌਜੂਦਾ ਹੈਵੀਵੇਟ ਵਰਲਡ ਚੈਂਪੀਅਨ ਤਿੰਨ ਮਿੰਟ ਤੋਂ ਵੀ ਘੱਟ ਸਮੇਂ 'ਚ ਕਿਸੇ ਨਵੇਂ ਮੁੱਕੇਬਾਜ਼ ਹੱਥੋਂ ਨਾਕ ਆਊਟ ਹੋ ਗਿਆ ਹੋਵੇ!

1963 'ਚ ਲਿਸਟਨ ਦੁਬਾਰਾ ਵਿਸ਼ਵ ਚੈਂਪੀਅਨ ਬਣਿਆ। 17 ਮਹੀਨੇ ਵਰਲਡ ਟਾਈਟਲ ਉਹਦੇ ਪਾਸ ਰਿਹਾ। ਤੀਜੀ ਵਾਰ ਦਾ ਮੁਕਾਬਲਾ ਉਹ 25 ਸਤੰਬਰ 1964 ਨੂੰ ਕੈਸੀਅਸ ਕਲੇਅ ਤੋਂ ਹਾਰ ਗਿਆ। ਉਦੋਂ ਕੈਸੀਅਸ ਕਲੇਅ ਰੋਮ ਓਲੰਪਿਕਸ ਦਾ ਚੈਂਪੀਅਨ ਸੀ ਪਰ ਅਜੇ ਮੁਸਲਮਾਨ ਬਣ ਕੇ ਮੁਹੰਮਦ ਅਲੀ ਨਹੀਂ ਸੀ ਬਣਿਆ। ਸੋਨੀ ਲਿਸਟਨ ਦੀ ਬਦਕਿਸਮਤੀ ਵੇਖੋ ਕਿ ਉਹ ਜੁਰਮਾਂ ਦੀਆਂ ਸਜ਼ਾਵਾਂ ਭੁਗਤਦਾ ਕੇਵਲ ਚਾਲੀ ਸਾਲ ਹੀ ਜਿਉਂ ਸਕਿਆ। ਉਹਦੀ ਮੌਤ ਭੇਤ ਭਰੀ ਹਾਲਤ ਵਿੱਚ ਹੋਈ ਜਿਸ ਬਾਰੇ ਬੜਾ ਕੁਝ ਕਿਹਾ ਤੇ ਲਿਖਿਆ ਗਿਆ। ਉਹਦਾ ਜਨਮ 8 ਮਈ 1932 ਨੂੰ ਸੇਂਟ ਫਰਾਂਸਿਸ ਕਾਉਂਟੀ, ਅਰਕਾਂਸਸ, ਅਮਰੀਕਾ ਵਿਚ ਟੋਬ ਲਿਸਟਨ ਦੇ ਘਰ ਹੈਲਨ ਬਾਸਕਿਨ ਦੀ ਕੁਖੋਂ ਹੋਇਆ। ਹੈਲਨ, ਟੋਬ ਲਿਸਟਨ ਤੋਂ 30 ਸਾਲ ਛੋਟੀ ਸੀ। ਸੋਨੀ 26 ਭੈਣ ਭਰਾਵਾਂ 'ਚ 25ਵਾਂ ਬੱਚਾ ਸੀ। ਏਨੇ ਭੈਣ ਭਰਾਵਾਂ ਦਾ ਹੋਣਾ ਹੈਰਾਨੀ ਪਰਗਟ ਕਰਦਾ ਹੈ ਪਰ ਪੂਰਾ ਵੇਰਵਾ ਪੜ੍ਹ ਕੇ ਹੈਰਾਨੀ ਘਟ ਸਕਦੀ ਹੈ। ਹਾਂ, ਇਹ ਤੱਥ ਜ਼ਰੂਰ ਹੈਰਾਨੀ ਪਰਗਟ ਕਰਦਾ ਹੈ ਕਿ ਅਜਿਹੇ ਪਿਛੋਕੜ ਵਾਲਾ ਬੱਚਾ ਵੀ ਵਰਲਡ ਚੈਂਪੀਅਨ ਬਣ ਸਕਦਾ ਹੈ!

ਉਸ ਦਾ ਜਮਾਂਦਰੂ ਨਾਂ ਚਾਰਲਸ ਲਿਸਟਨ ਸੀ। ਕੋਈ ਉਸ ਦੀ ਜਨਮ ਤਾਰੀਖ 1932 ਦੀ ਮੰਨਦਾ ਹੈ, ਕੋਈ 1930 ਦੀ ਤੇ ਕੋਈ ਉਸ ਤੋਂ ਵੀ ਪਹਿਲਾਂ ਦੀ। ਵੇਖਣ ਨੂੰ ਉਹ 1930 ਤੋਂ ਪਹਿਲਾਂ ਦਾ ਹੀ ਜੰਮਿਆ ਲੱਗਦਾ ਸੀ। 1965 ਤਕ ਅਮਰੀਕਾ ਦੀ ਅਰਕਾਂਸਸ ਸਟੇਟ ਵਿਚ ਬੱਚਿਆਂ ਦੇ ਜਨਮ ਸਰਟੀਫਿਕੇਟ ਬਣਵਾਉਣੇ ਲਾਜ਼ਮੀ ਨਹੀਂ ਸਨ। ਸੋਨੀ ਲਿਸਟਨ ਨੇ ਖੁਦ ਦੱਸਿਆ ਸੀ ਕਿ ਉਸ ਪਾਸ ਆਪਣੀ ਜਨਮ ਤਾਰੀਖ ਦਾ ਸਰਟੀਫਿਕੇਟ ਨਹੀਂ ਪਰ ਉਹ ਆਪਣਾ ਜਨਮ 8 ਮਈ 1932 ਨੂੰ ਹੋਇਆ ਮੰਨਦਾ ਹੈ। ਮਰਦਮ ਸੁਮਾਰੀ ਦੇ ਰਿਕਾਰਡ ਮੁਤਾਬਿਕ ਸੋਨੀ ਲਿਸਟਨ ਦਾ ਜਨਮ 22 ਜੁਲਾਈ 1930 ਨੂੰ ਹੋਇਆ ਹੀ ਵਧੇਰੇ ਮਾਨਤਾ ਪ੍ਰਾਪਤ ਹੈ। ਉਹਦਾ ਦੇਹਾਂਤ 30 ਦਸੰਬਰ 1970 ਨੂੰ ਲਾਸ ਵੇਗਾਸ ਵਿਖੇ ਹੋਇਆ ਪਰ ਉਸ ਦਾ ਪਤਾ 7 ਜਨਵਰੀ 1971 ਨੂੰ ਲੱਗਾ। ਕੋਈ ਮੌਤ ਦਾ ਕਾਰਨ ਨਸ਼ੇ ਦੀ ਓਵਰ ਡੋਜ਼, ਕੋਈ ਖ਼ੁਦਕੁਸ਼ੀ ਤੇ ਕੋਈ ਕਤਲ ਕਹਿੰਦਾ ਰਿਹਾ।

ਸੋਨੀ ਦਾ ਰੰਗ ਸਾਂਵਲਾ ਸੀ, ਵਾਲ ਛੱਲੇਦਾਰ, ਦੰਦ ਚਿੱਟੇ ਮੋਤੀਆਂ ਵਰਗੇ ਤੇ ਜੁੱਸਾ ਮਸਕੁਲਰ ਸੀ। ਕੱਦ 6 ਫੁੱਟ 1 ਇੰਚ, ਭਾਰ 215 ਪੌਂਡ, ਨੱਕ ਮੋਟਾ ਤੇ ਨਾਸਾਂ ਚੌੜੀਆਂ ਸਨ। ਹੱਥਾਂ ਦੀਆਂ ਉਂਗਲਾਂ ਵੀ ਅੰਗੂਠਿਆਂ ਵਾਂਗ ਮੋਟੀਆਂ ਸਨ। ਜਦੋਂ ਮੁੱਠਾਂ ਮੀਚਦਾ ਤਾਂ ਉਹਦੇ ਮੁੱਕੇ ਲੋਹੇ ਦੇ ਗੋਲੇ ਲੱਗਦੇ। ਪੇਸ਼ੇਵਰ ਮੁੱਕੇਬਾਜ਼ ਵਜੋਂ ਉਸ ਨੇ 54 ਭੇੜ ਭਿੜੇ ਜਿਨ੍ਹਾਂ 'ਚੋਂ 50 ਜਿੱਤੇ, 4 ਹਾਰੇ। ਉਨ੍ਹਾਂ 'ਚੋਂ 39 ਵਿਰੋਧੀ ਨੂੰ ਨਾਕ ਆਊਟ ਕਰ ਕੇ ਜਿੱਤੇ। ਸੋਨੀ ਦੇ ਮਾਪੇ ਮੁਜਾਰੇ ਕਿਸਾਨ ਸਨ ਜੋ ਗਰੀਬ ਗੁਜ਼ਾਰਾ ਕਰਦੇ। ਉਹ 1916 ਵਿੱਚ ਮਿਸੀਸਿਪੀ ਤੋਂ ਅਰਕਾਂਸਸ ਆ ਗਏ ਸਨ। ਅਰਕਾਂਸਸ ਸਟੇਟ 'ਚ ਉਹ ਜੌਂਨਸਨ ਟਾਊਨਸ਼ਿਪ

ਨੇੜੇ ਸੇਂਟ ਫਰਾਂਸਿਸ ਕਾਊਂਟੀ 'ਚ ਰਹਿੰਦੇ ਸਨ। ਸੋਨੀ ਦਾ ਪਿਉ ਟੋਬ ਲਿਸਟਨ ਉਦੋਂ ਪੰਜਾਹ ਸਾਲਾਂ ਦੇ ਨੇੜ ਸੀ ਜਦ ਕਿ ਉਹਦੀ ਪਤਨੀ ਹੈਲਨ ਬਾਸਕਿਨ ਵੀਹ ਸਾਲਾਂ ਤੋਂ ਵੀ ਘੱਟ ਸੀ। ਉਦੋਂ ਉਨ੍ਹਾਂ ਦਾ ਦੂਜਾ ਵਿਆਹ ਹੋਇਆ ਸੀ। ਹੈਲਨ ਕੋਲ ਪਹਿਲੇ ਵਿਆਹ ਦਾ 1 ਬੱਚਾ ਸੀ ਜਦ ਕਿ ਟੋਬ ਲਿਸਟਨ ਕੋਲ ਪਹਿਲੇ ਵਿਆਹ ਦੇ 13 ਬੱਚੇ ਸਨ। ਦੂਜੇ ਵਿਆਹ 'ਚੋਂ ਉਨ੍ਹਾਂ ਦੇ 12 ਬੱਚੇ ਹੋਰ ਪੈਦਾ ਹੋਏ ਜਿਨ੍ਹਾਂ 'ਚ ਸੋਨੀ 11ਵੇਂ ਥਾਂ ਜੰਮਿਆ। ਇੰਜ 26 ਭੈਣ ਭਰਾਵਾਂ 'ਚ ਉਹ 25ਵੇਂ ਨੰਬਰ 'ਤੇ ਸੀ। ਏਡਾ ਵੱਡਾ ਪਰਿਵਾਰ ਕਿਵੇਂ ਪਲਦਾ ਤੇ ਰਹਿੰਦਾ ਹੋਵੇਗਾ, ਅੰਦਾਜ਼ਾ ਆਪੇ ਲਾਇਆ ਜਾ ਸਕਦਾ ਹੈ। ਟੋਬ ਲਿਸਟਨ ਸਖ਼ਤ ਸੁਭਾਅ ਦਾ ਸ਼ਰਾਬੀ ਬਾਪ ਸੀ। ਉਹ ਅਕਸਰ ਨਿਆਣਿਆਂ ਨੂੰ ਕੁੱਟਦਾ ਰਹਿੰਦਾ। ਸੋਨੀ ਨੂੰ ਸਗੋਂ ਵਧੇਰੇ ਕੁੱਟਦਾ ਮਾਰਦਾ। ਬਾਪ ਦੀ ਕੁੱਟ-ਮਾਰ ਦੇ ਦਾਗ ਸੋਨੀ ਦੇ ਪਿੰਡੇ 'ਤੇ ਦਹਾਕਿਆਂ ਤਕ ਦਿਸਦੇ ਰਹੇ। ਸ਼ਾਇਦ ਇਹ ਬਚਪਨ ਤੇ ਅੱਲ੍ਹੜ ਅਵੱਸਥਾ ਦੀ ਕੁੱਟ-ਮਾਰ ਹੀ ਸੀ ਜਿਸ ਨੇ ਸੋਨੀ ਨੂੰ ਜੁਰਮਾਂ ਦੀ ਦੁਨੀਆ 'ਚ ਦਾਖ਼ਲ ਕਰਵਾਇਆ। ਪਹਿਲਾਂ ਉਹ ਜੇਲ੍ਹ ਜਾਣ ਵਾਲਾ ਸਾਧਾਰਨ ਮੁਜਰਮ ਬਣਿਆ, ਫਿਰ ਖ਼ਾਸ ਗੱਲ ਇਹ ਕਿ ਉਹ ਜੇਲ੍ਹ 'ਚ ਹੀ ਮੁੱਕੇਬਾਜ਼ੀ ਸਿੱਖ ਕੇ ਵਰਲਡ ਚੈਂਪੀਅਨ ਬਣਿਆ। 1946 ਵਿਚ ਸੋਨੀ ਦੀ ਮਾਂ ਵੱਡੇ ਬੱਚਿਆਂ ਨੂੰ ਲੈ ਕੇ ਫੈਕਟਰੀਆਂ 'ਚ ਕੰਮ ਕਰਨ ਸੇਂਟ ਲੂਈਸ ਚਲੀ ਗਈ। ਸੋਨੀ ਦੀ ਉਮਰ ਉਦੋਂ ਚੌਦਾਂ ਕੁ ਸਾਲਾਂ ਦੀ ਸੀ। ਉਹ ਹੋਰ ਕੁੱਟ ਖਾਣ ਲਈ ਪਿਉ ਪਾਸ ਹੀ ਰਿਹਾ। ਅਗਲੇ ਸਾਲ ਉਹ ਵੀ ਕਿਰਾਏ ਜੋਗੇ ਪੈਸੇ 'ਕੱਠੇ ਕਰ ਕੇ ਮਾਂ ਕੋਲ ਚਲਾ ਗਿਆ। ਸੇਂਟ ਲੂਈਸ ਵਿਚ ਉਸ ਨੂੰ ਸਕੂਲੇ ਪੜ੍ਹਨੇ ਪਾਇਆ ਗਿਆ ਪਰ ਉਹ ਪੜ੍ਹਾਈ 'ਚ ਚੱਲ ਨਾ ਸਕਿਆ। ਸਕੂਲ ਦੀ ਥਾਂ ਉਹ ਬਦਮਾਸ਼ਾਂ ਨਾਲ ਰਲ ਕੇ ਜੁਰਮਾਂ ਦੀ ਦੁਨੀਆ 'ਚ ਦਾਖਲ ਹੋ ਗਿਆ। ਇਕ ਗੈਂਗ ਨੇ ਤਕੜਾ ਕੱਦ-ਕਾਠ ਵੇਖਦਿਆਂ ਉਹਨੂੰ ਆਪਣਾ ਆਗੂ ਬਣਾ ਲਿਆ। ਉਹ ਲੁੱਟਾਂ-ਖੋਹਾਂ ਕਰਦੇ ਡਾਕੇ ਮਾਰਨ ਲੱਗੇ। ਇਕ ਡਾਕੇ 'ਚ ਉਹਦੀ ਪੀਲੀ ਸ਼ਰਟ ਸੋਨੀ ਦੀ ਪਛਾਣ ਬਣ ਗਈ। ਸੇਂਟ ਲੂਈਸ ਦੀ ਪੁਲੀਸ ਨੇ ਉਹਦਾ ਨਾਂ ਹੀ 'ਯੈਲੋ ਸ਼ਰਟ ਬੈਂਡਿਟ' ਰੱਖ ਲਿਆ। ਜਨਵਰੀ 1950 ਵਿਚ ਉਸ ਨੂੰ ਇਕ ਡਾਕੇ 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਉਦੋਂ ਉਸ ਨੇ ਆਪਣੀ ਉਮਰ 20 ਸਾਲ ਦੀ ਥਾਂ 18 ਸਾਲ ਦੱਸੀ। ਉਸ 'ਤੇ ਚਾਰਜ ਲੱਗੇ, ਮੁਕੱਦਮਾ ਚੱਲਿਆ ਜਿਸ 'ਚ 5 ਸਾਲ ਕੈਦ ਮਿਲੀ। 1 ਜੂਨ 1950 ਨੂੰ ਉਹ ਮਿਸਉਰੀ ਸਟੇਟ ਦੀ ਮੁਜਰਮ ਸੁਧਾਰ ਜੇਲ੍ਹ ਵਿਚ ਕੈਦ ਕੱਟਣ ਲੱਗਾ। ਇਸ ਤੋਂ ਪਹਿਲਾਂ ਵੀ ਉਹ ਜੇਲ੍ਹ ਯਾਤਰਾ ਕਰ ਚੁੱਕਾ ਸੀ ਤੇ ਮੁੱਕੇਬਾਜ਼ੀ ਦੇ ਮੁੱਢਲੇ ਗੁਰ ਸਿੱਖ ਚੁੱਕਾ ਸੀ।



ਮਸਉਰੀ ਸਟੇਟ ਦੀ ਸਖ਼ਤ ਜੇਲ੍ਹ 'ਚ ਉਹ ਸਾਊ ਕੈਦੀ ਬਣਿਆ ਰਿਹਾ। ਜੇਲ੍ਹ ਦੇ ਅਥਲੈਟਿਕ ਡਾਇਰੈਕਟਰ ਆਰ.ਏ.ਸਟੀਵਨਜ਼ ਨੇ ਸੋਨੀ ਲਿਸਟਨ ਦਾ ਕੱਦ-ਕਾਠ ਵੇਖ ਕੇ ਉਸ ਨੂੰ ਚੈਂਪੀਅਨ ਮੁੱਕੇਬਾਜ਼ ਬਣਨ ਦੀ ਸਲਾਹ ਦਿੱਤੀ। ਸਟੀਵਨਜ਼ ਧਰਮੀ ਬੰਦਾ ਸੀ ਜੋ ਉਸ ਨੂੰ ਸੁਧਾਰਨਾ ਤੇ ਨੇਕ ਇਨਸਾਨ ਬਣਾਉਣਾ ਚਾਹੁੰਦਾ ਸੀ। ਉਸ ਨੇ ਲਿਸਟਨ ਨੂੰ ਪਰਖਣ ਲਈ ਮੁੱਕੇਬਾਜ਼ੀ ਦਾ ਮੁਕਾਬਲਾ ਰੱਖ ਲਿਆ। ਉਸ ਸਮੇਂ ਹੈਵੀਵੇਟ ਮੁਕਾਬਲਿਆਂ ਵਿਚ ਮੁੱਕੇਬਾਜ਼ ਠਰੂਮੈਨ ਵਿਲਸਨ ਦਾ ਬੜਾ ਨਾਂ ਸੀ। ਦੋਹਾਂ 'ਚ ਸਖਤ ਮੁਕਾਬਲਾ ਸ਼ੁਰੂ ਹੋਇਆ। ਵੇਖਣ ਵਾਲੇ ਸੋਚਦੇ ਸਨ ਕਿ ਮੁਕਾਬਲਾ ਇਕਪਾਸੜ ਹੀ ਹੋਵੇਗਾ। ਪਰ ਦੂਜੇ ਰਾਊਂਡ 'ਚ ਹੀ ਵਿਲਸਨ ਦੀਆਂ ਚੀਕਾਂ ਨਿਕਲ ਗਈਆਂ ਤੇ ਉਹ ਦੁਹਾਈਆਂ ਦੇਣ ਲੱਗਾ, 'ਮੈਨੂੰ ਰਿੰਗ 'ਚੋਂ ਬਾਹਰ ਕੱਢੋ, ਨਹੀਂ ਤਾਂ ਇਹ ਰਿੱਛ ਮੈਨੂੰ ਮਾਰ ਸੁੱਟੇਗਾ!' ਹੋਣਹਾਰ ਮੁੱਕੇਬਾਜ਼ ਸਿੱਧ ਹੋਣ ਕਾਰਨ 31 ਅਕਤੂਬਰ 1952 ਨੂੰ ਹੀ ਸੋਨੀ ਨੂੰ ਪੈਰੋਲ ਮਿਲ ਗਈ। ਜੇਲ੍ਹੋਂ ਬਾਹਰ ਨਿਕਲ ਕੇ ਕੁਝ ਸਮਾਂ ਉਸ ਨੇ ਸ਼ੌਂਕੀਆ ਮੁੱਕਬਾਜ਼ੀ ਕੀਤੀ। 6 ਮਾਰਚ 1953 ਨੂੰ ਉਸ ਨੇ 1952 ਦੀਆਂ ਓਲੰਪਿਕ ਖੇਡਾਂ ਦੇ ਹੈਵੀਵੇਟ ਚੈਂਪੀਅਨ ਸੈਂਡਰਜ਼ ਨੂੰ ਹਰਾ ਕੇ ਚੈਂਪੀਅਨਾਂ ਦਾ ਸ਼ਿਕਾਗੋ ਗੋਲਡਨ ਗਲੱਵਜ਼ ਟੂਰਨਾਮੈਂਟ ਜਿੱਤ ਲਿਆ। ਉਹਦੇ ਨਾਲ ਸੋਨੀ ਲਿਸਟਨ ਦੀ ਹੋਰ ਵੀ ਬੱਲੇ-ਬੱਲੇ ਹੋਈ। ਫੇਰ ਜਿਹੜਾ ਵੀ ਉਹਦੇ ਮੂਹਰੇ ਆਉਂਦਾ ਗਿਆ ਨਾਕ ਆਊਟ ਹੋ ਜਾਂਦਾ।

23 ਜੂਨ 1953 ਨੂੰ ਸੇਂਟ ਲੂਈਸ ਦੇ ਸਾਰੇ ਵਜ਼ਨ ਵਰਗਾਂ ਦੇ ਗੋਲਡਨ ਗਲੱਵਜ਼ ਚੈਂਪੀਅਨ ਯੂਐੱਸਏ ਵੱਲੋਂ ਪੱਛਮੀ ਯੂਰਪ ਦੇ ਇਕ ਅੰਤਰਰਾਸ਼ਟਰੀ ਮੁਕਾਬਲੇ ਵਿਚ ਸ਼ਾਮਲ ਹੋਏ। ਲਿਸਟਨ ਨੇ ਪੱਛਮੀ ਜਰਮਨੀ ਦੇ ਪ੍ਰਸਿੱਧ ਮੁੱਕੇਬਾਜ਼ ਹੈਰਮਨ ਨੂੰ 2:16 ਮਿੰਟਾਂ ਵਿਚ ਹੀ ਨਾਕ ਆਊਟ ਕਰ ਦਿੱਤਾ। ਉਹ ਯੂਰਪੀਨ ਚੈਂਪੀਅਨਸ਼ਿਪ ਦਾ ਮੈਡਲਿਸਟ ਸੀ। ਸ਼ੌਕੀਆ ਮੁੱਕੇਬਾਜ਼ੀ ਵਿਚ ਪੈਸੇ ਨਾ ਮਿਲਦੇ ਹੋਣ ਕਰਕੇ ਸੋਨੀ ਕਦੇ ਕਦੇ ਲੁੱਟ-ਮਾਰ ਫਿਰ ਵੀ ਕਰ ਲੈਂਦਾ। ਇਹ ਬਹਿਵਤ ਪਹਿਲਾਂ ਤਾਂ ਉਸ ਦਾ ਡੰਗ ਸਾਰਦੀ ਰਹੀ ਪਰ ਬਾਅਦ ਵਿਚ ਉਹਦੇ ਵਾਰ ਵਾਰ ਜੇਲ੍ਹ ਜਾਣ ਦਾ ਕਾਰਨ ਵੀ ਬਣਦੀ ਰਹੀ। ਲਿਸਟਨ ਨੇ ਬਤੌਰ ਪੇਸ਼ਾਵਰ ਮੁੱਕੇਬਾਜ਼ ਪਹਿਲਾ ਭੇੜ 2 ਸਤੰਬਰ 1953 ਨੂੰ ਭਿੜਿਆ ਜਿਸ ਵਿਚ ਨਾਮੀ ਮੁੱਕੇਬਾਜ਼ ਡੌਨ ਸਮਿੱਥ ਨੂੰ ਪਹਿਲੇ ਰਾਊਂਡ ਵਿਚ ਹੀ ਨਾਕ ਆਊਟ ਕਰ ਦਿੱਤਾ। ਉਦੋਂ ਤਕ ਉਹਦਾ ਕੱਦ 6 ਫੁੱਟ 1 ਇੰਚ ਹੋ ਗਿਆ ਤੇ ਜੁੱਸਾ ਵੀ ਪੂਰਾ ਭਰ ਗਿਆ ਸੀ। ਉਹਦੀਆਂ ਮੁੱਠੀਆਂ ਦੀ ਗੁਲਾਈ 15 ਇੰਚ ਹੋ ਗਈ ਸੀ ਜੋ ਹੋਰਨਾਂ ਹੈਵੀਵੇਟ ਮੁੱਕੇਬਾਜ਼ਾਂ ਤੋਂ ਵੱਧ ਸੀ। ਉਸ ਦੀ ਮੁੱਕਾ ਮਾਰਨ ਦੀ ਪਹੁੰਚ ਵੀ ਸਭ ਤੋਂ ਵੱਧ 84 ਇੰਚ ਤੱਕ ਸੀ। 7 ਸਤੰਬਰ 1954 ਨੂੰ ਬੇਸ਼ਲ ਉਹ ਮਾਰਟੀ ਮਾਰਸ਼ਲ ਤੋਂ ਹਾਰਿਆ ਵੀ ਪਰ 21 ਅਪ੍ਰੈਲ 1955 ਨੂੰ ਉਸ ਨੂੰ ਹਰਾਇਆ ਵੀ। ਉਨ੍ਹਾਂ ਵਿਚਕਾਰ ਤੀਜਾ ਮੁਕਾਬਲਾ 6 ਮਾਰਚ 1956 ਨੂੰ ਹੋਇਆ ਜੋ ਫਿਰ ਲਿਸਟਨ ਨੇ ਜਿੱਤਿਆ। 5 ਮਈ 1956 ਨੂੰ ਲਿਸਟਨ ਇਕ ਪੁਲੀਸਮੈਨ ਨਾਲ ਝਗੜਾ ਕਰ ਬੈਠਾ। ਉਸ ਦੀ ਬੰਦੂਕ ਖੋਹ ਲਈ ਤੇ ਉਸ ਨੂੰ ਜ਼ਖਮੀ ਦਿੱਤਾ। ਉਸ ਜੁਰਮ ਬਦਲੇ ਲਿਸਟਨ ਨੂੰ 9 ਮਹੀਨਿਆਂ ਦੀ ਜੇਲ੍ਹ ਹੋਈ ਪਰ 6 ਮਹੀਨਿਆਂ ਬਾਅਦ ਹੀ ਪੈਰੋਲ 'ਤੇ ਬਾਹਰ ਆ ਗਿਆ। ਫਿਰ ਉਹ ਸੇਂਟ ਲੂਈਸ ਛੱਡ ਕੇ ਫਿਲਾਡੈਲਫੀਆ ਚਲਾ ਗਿਆ। 1958 'ਚ ਉਹ ਫਿਰ ਮੁੱਕੇਬਾਜ਼ੀ 'ਚ ਸਰਗਰਮ ਹੋ ਗਿਆ। ਉਸ ਸਾਲ ਉਸ ਨੇ 8 ਮੁਕਾਬਲੇ ਲੜੇ ਜਿਨ੍ਹਾਂ 'ਚੋਂ 6 ਨਾਕ ਆਊਟ ਨਾਲ ਜਿੱਤੇ।

1959 'ਚ ਉਸ ਨੇ ਕਹਿੰਦੇ ਕਹਾਉਂਦੇ ਮੁੱਕੇਬਾਜ਼ਾਂ ਮਾਈਕ ਡੀਜੌਹਨ ਤੇ ਕਲੀਵਲੈਂਡ ਵਿਲੀਅਮਜ਼ ਵਰਗਿਆਂ ਦੀ ਗੋਡੀ ਲੁਆ ਦਿੱਤੀ। 1960 'ਚ ਕਈ ਵੱਡੇ ਭੇੜ ਜਿੱਤੇ। 7 ਸਤੰਬਰ 1960 ਨੂੰ ਈਡੀ ਮੈਕਨ ਹਰਾਇਆ। ਹੁਣ ਉਹਦੇ ਮੂਹਰੇ ਗੋਰੇ ਰੰਗ ਦਾ ਹੈਵੀਵੇਟ ਵਿਸ਼ਵ ਚੈਂਪੀਅਨ ਫਲੋਇਡ ਪੈਟਰਸਨ ਸੀ ਜੋ ਸਾਂਵਲੀ ਨਸਲ ਦੇ ਲਿਸਟਨ ਦੇ ਮੁਜਰਮਾਨਾ ਕਾਰਿਆਂ ਤੋਂ ਕੰਨ ਭੰਨਦਾ ਸੀ। ਪਰ ਮੀਡੀਆ ਗੋਰੇ-ਕਾਲੇ ਦੀ ਫਾਈਟ ਲਈ 'ਚੁੱਕ' ਦੇ ਰਿਹਾ ਸੀ। ਜਨਵਰੀ 1962 ਵਿਚ ਪੈਟਰਸਨ ਸਲਾਹ ਲੈਣ ਲਈ ਅਮਰੀਕਾ ਦੇ ਪ੍ਰਧਾਨ ਜੌਹਨ ਐੱਫ ਕਨੇਡੀ ਨੂੰ ਮਿਲਿਆ। ਕਨੇਡੀ ਨੇ ਵੀ ਸਲਾਹ ਦਿੱਤੀ ਕਿ ਉਹ ਮੁਜਰਮ ਮੁੱਕੇਬਾਜ਼ ਨਾਲ ਨਾ ਲੜੇ। ਪਰ ਉਨ੍ਹਾਂ ਦਾ ਮੁਕਾਬਲਾ ਟਾਲਿਆ ਨਾ ਜਾ ਸਕਿਆ। ਇੰਜ ਸੋਨੀ ਲਿਸਟਨ 25 ਸਤੰਬਰ 1962 ਨੂੰ ਉਦੋਂ ਦੇ ਮਾਨਤਾ ਪ੍ਰਾਪਤ ਹੈਵੀਵੇਟ ਵਿਸ਼ਵ ਚੈਂਪੀਅਨ ਫਲੋਏਡ ਪੈਟਰਸਨ ਨੂੰ ਨਾਕ ਆਊਟ ਕਰ ਕੇ ਪਹਿਲੀ ਵਾਰ ਵਰਲਡ ਬੌਕਸਿੰਗ ਚੈਂਪੀਅਨ ਬਣਿਆ। ਰਹਿੰਦੀ ਕਸਰ ਉਸ ਨੇ 1963 'ਚ ਦੂਜੀ ਵਾਰ ਵਿਸ਼ਵ ਚੈਂਪੀਅਨ ਬਣ ਕੇ ਕੱਢ ਦਿੱਤੀ। 1964 'ਚ ਜਦੋਂ ਮੁਹੰਮਦ ਅਲੀ ਨੇ ਉਸ ਨੂੰ ਹਰਾਇਆ ਤਾਂ ਚਰਚਾ ਚੱਲੀ ਕਿ ਮੁਕਾਬਲੇ ਤੋਂ ਪਹਿਲੀ ਰਾਤ ਸੋਨੀ ਨੇ ਰੱਜ ਕੇ ਸ਼ਰਾਬ ਪੀਤੀ ਸੀ ਜਿਸ ਕਾਰਨ ਉਹ ਨਿਢਾਲ ਸੀ। ਸੱਜਾ ਮੋਢਾ ਕਸਰਿਆ ਹੋਇਆ ਸੀ। 1965 'ਚ ਉਹ ਮੁਹੰਮਦ ਅਲੀ ਤੋਂ ਦੂਜੀ ਵਾਰ ਹਾਰਿਆ ਤਾਂ ਚਰਚਾ ਇਹ ਵੀ ਚੱਲੀ ਕਿ ਮੈਚ 'ਫਿਕਸ' ਸੀ। ਉਹ 1970 ਤਕ ਜਿੱਤਾਂ ਜਿੱਤਦਾ ਸਰਗਰਮ ਮੁੱਕੇਬਾਜ਼ ਰਿਹਾ। ਮੁੱਕੇਬਾਜ਼ੀ 'ਚ ਧੁੰਮਾਂ ਪਾਉਣ ਵਾਲੇ ਵਰਲਡ ਚੈਂਪੀਅਨ ਸੋਨੀ ਲਿਸਟਨ ਦਾ ਅੰਤ ਬੜਾ ਦੁਖਾਂਤਿਕ ਹੋਇਆ। ਉਸ ਦੀ ਪਤਨੀ ਜੇਰਲਡਾਈਨ, ਨੇਵਾਡਾ ਵਾਲੀ ਰਹਾਇਸ਼ ਤੋਂ ਬਾਹਰ ਗਈ ਹੋਈ ਸੀ। ਉਹ ਬਾਰਾਂ ਦਿਨਾਂ ਬਾਅਦ 5 ਜਨਵਰੀ 1971 ਨੂੰ ਘਰ ਪਰਤੀ ਤਾਂ ਪਤੀ ਮਰਿਆ ਪਿਆ ਸੀ। ਪੁਲੀਸ ਨੇ ਪੜਤਾਲ ਕੀਤੀ ਤਾਂ ਘਰ 'ਚ ਹੈਰੋਇਨ ਦੇ ਪੈਕਟ ਤੇ ਸਰਿੰਜ ਮਿਲੀ। ਲਿਸਟਨ ਦੀ ਨਾੜ ਉਤੇ ਸੂਈ ਦਾ ਨਿਸ਼ਾਨ ਵੀ ਪਿਆ ਹੋਇਆ ਸੀ। ਪੁਲੀਸ ਦੀ ਪੜਤਾਲ ਇਸ ਸਿੱਟੇ 'ਤੇ ਪੁੱਜੀ ਕਿ ਸਾਬਕਾ ਵਰਲਡ ਚੈਂਪੀਅਨ ਹੈਰੋਇਨ ਦੀ ਓਵਰ ਡੋਜ ਨਾਲ ਮਰਿਆ। ਪਰ ਮੌਤ ਦੇ ਆਫੀਸ਼ਲ ਸਰਟੀਫਿਕੇਟ ਵਿਚ ਲਿਸਟਨ ਦੀ ਮੌਤ ਫੇਫੜੇ ਤੇ ਦਿਲ ਫੇਲ੍ਹ ਹੋਣ ਕਾਰਨ ਦਰਜ ਕੀਤੀ ਗਈ। ਅਫ਼ਵਾਹਾਂ ਤਾਂ ਇਹ ਵੀ ਉੱਡੀਆਂ ਕਿ ਹੋ ਸਕਦੈ ਕਿਸੇ ਨੇ ਉਹਦਾ ਕਤਲ ਕਰ ਦਿੱਤਾ ਹੋਵੇ! ਜੁਰਮ ਦੀ ਦੁਨੀਆ ਵਿਚ ਕੁਝ ਵੀ ਹੋ ਸਕਦੈ। ਸੋਨੀ ਲਿਸਟਨ ਦਾ ਵਿਆਹ 3 ਸਤੰਬਰ 1957 ਨੂੰ ਸੇਂਟ ਲੂਈਸ ਵਿਖੇ ਜੇਰਲਡਾਈਨ ਚੈਂਬਰਜ਼ ਨਾਲ ਹੋਇਆ ਸੀ। ਜੇਰਲਡਾਈਨ ਕੋਲ ਪਹਿਲੇ ਵਿਆਹ ਦੀ ਇਕ ਧੀ ਸੀ। ਸੋਨੀ ਲਿਸਟਨ ਨੇ ਵੀ ਸਵੀਡਨ ਤੋਂ ਇਕ ਬੱਚਾ ਗੋਦ ਲੈ ਲਿਆ। ਸੋਨੀ ਲਿਸਟਨ ਦੇ ਜੀਵਨੀਕਾਰ ਪਾਲ ਗਲੈਂਡਰ ਨੇ ਤਾਂ ਇਹ ਵੀ ਲਿਖਿਆ ਕਿ ਉਸ ਦੇ ਪਤਨੀ ਬਾਹਰੇ ਕੁਝ ਬੱਚੇ ਹਨ। ਉਸ ਦੀ ਪਤਨੀ ਦਾ ਕਹਿਣਾ ਹੈ ਕਿ ਉਸ ਦਾ ਪਤੀ ਭਲਾ ਪੁਰਸ਼ ਸੀ ਜਿਸ ਨਾਲ ਉਸ ਨੇ ਬੜੇ ਚੰਗੇ ਦਿਨ ਕੱਟੇ। ਉਹ ਬੱਚਿਆਂ ਨੂੰ ਬੜਾ ਪਿਆਰ ਕਰਦਾ ਸੀ। ਉਹ ਬੇਸ਼ਕ ਅਨਪੜ੍ਹ ਸੀ ਪਰ ਸਮਝਦਾਰ ਸੀ। ਉਹ ਉਲਝੇ ਸੁਭਾਅ ਦਾ ਦਿਲਚਸਪ ਬੰਦਾ ਸੀ। ਮੁੱਕੇਬਾਜ਼ ਜੋਜ਼ੇ ਟੋਰਸ ਦਾ ਕਹਿਣਾ ਹੈ ਕਿ ਉਸ ਨੇ ਕੋਈ ਅਥਲੀਟ, ਬੇਸਬਾਲ, ਬਾਸਕਟਬਾਲ ਜਾਂ ਫੁੱਟਬਾਲ ਦਾ ਖਿਡਾਰੀ ਸੋਨੀ ਲਿਸਟਨ ਤੋਂ ਸਮਾਰਟ ਤੇ ਸਮਝਦਾਰ ਨਹੀਂ ਵੇਖਿਆ! 'ਰਿੰਗ ਮੈਗਜ਼ੀਨ' ਨੇ ਉਸ ਨੂੰ ਸਰਬ ਸਮਿਆਂ ਦੇ ਮਹਾਨਤਮ ਮੁੱਕੇਬਾਜ਼ਾਂ ਵਿਚ ਦਸਵੇਂ ਸਥਾਨ, ਮੁੱਕੇਬਾਜ਼ੀ ਦੇ ਪ੍ਰੌੜ ਲੇਖਕ ਹਰਬ ਗੋਲਡਮੈਨ ਨੇ ਦੂਜੇ ਸਥਾਨ ਤੇ 'ਸਪੋਰਟਸ ਇਲੱਸਟ੍ਰੇਟਿਡ' ਦੇ ਸੀਨੀਅਰ ਐਡੀਟਰ ਰਿਚਰਡ ਓਬਰਾਈਨ ਨੇ ਤੀਜੇ ਸਥਾਨ 'ਤੇ ਰੱਖਿਆ ਹੈ। 'ਸਪੋਰਟਸ ਸਟਾਰ' ਦੇ ਐਲਫੀ ਪੋਟਸ ਹਾਰਮਰ ਨੇ ਹੈਵੀਵੇਟ ਮੁੱਕੇਬਾਜ਼ਾਂ 'ਚ ਤੀਜੇ ਤੇ ਸਭਨਾਂ ਵਜਨ ਵਰਗਾਂ ਦੇ ਮੁੱਕੇਬਾਜ਼ਾਂ ਵਿਚ ਛੇਵੇਂ ਸਥਾਨ ਦਾ ਮੁੱਕੇਬਾਜ਼ ਮੰਨਿਆ ਹੈ। ਸੋਨੀ ਲਿਸਟਨ ਦੀ ਮੌਤ ਤੋਂ 20 ਸਾਲ ਬਾਅਦ 1991 'ਚ ਉਸ ਦਾ ਨਾਂ ਇੰਟਰਨੈਸ਼ਨਲ ਬੌਕਸਿੰਗ ਹਾਲ ਵਿਚ ਸਥਾਪਿਤ ਕੀਤਾ ਗਿਆ। ਉਸ ਦੀ ਕਬਰ ਲਾਸ ਵੇਗਾਸ, ਨੇਵਾਡਾ ਦੇ ਪੈਰਾਡਾਈਜ਼ ਮੈਮੋਰੀਅਲ ਗਾਰਡਨਜ਼ ਵਿਚ ਹੈ ਜਿਥੇ ਕੋਈ ਮੇਲਾ ਤਾਂ ਭਾਵੇਂ ਨਹੀਂ ਭਰਦਾ ਪਰ ਉਸ ਦੇ ਪ੍ਰਸੰਸਕ ਫੁੱਲ ਭੇਟਾ ਕਰਨ ਅਜੇ ਵੀ ਆਉਂਦੇ ਜਾਂਦੇ ਹਨ। ਉਹ ਉਸ ਨੂੰ ਮੁਜਰਮ ਪੱਖੋਂ ਘੱਟ, ਵਰਲਡ ਚੈਂਪੀਅਨ ਪੱਖੋਂ ਵੱਧ ਯਾਦ ਕਰਦੇ ਹਨ।

# 38ਵੀਆਂ ਕੌਮੀ ਖੇਡਾਂ: ਪੰਜਾਬ ਦੇ ਦੌੜਾਕਾਂ ਨੇ ਤਿੰਨ ਤਗ਼ਮੇ ਜਿੱਤੇ



ਦੇਹਰਾਦੂਨ : ਦੇਹਰਾਦੂਨ 'ਚ ਚੱਲ ਰਹੀਆਂ 38ਵੀਆਂ ਕੌਮੀ ਖੇਡਾਂ 'ਚ ਅੱਜ ਪੰਜਾਬ ਦੇ ਦੌੜਾਕਾਂ ਨੇ ਤਿੰਨ ਤਗ਼ਮੇ ਜਿੱਤੇ। ਇਨ੍ਹਾਂ ਵਿੱਚੋਂ ਪੰਜਾਬ ਦੀਆਂ ਟਵਿੰਕਲ ਚੌਧਰੀ ਤੇ ਅਮਨਦੀਪ ਕੌਰ ਨੇ ਔਰਤਾਂ ਦੀ 800 ਮੀਟਰ ਦੌੜ 'ਚ ਦੂਜਾ ਤੇ ਤੀਜਾ ਸਥਾਨ ਹਾਸਲ ਕਰਦਿਆਂ ਕ੍ਰਮਵਾਰ ਚਾਂਦੀ ਤੇ ਕਾਂਸੀ ਦੇ ਤਗ਼ਮੇ ਜਿੱਤੇ। ਇਸ ਤੋਂ ਇਲਾਵਾ ਪੰਜਾਬ ਦੇ ਅਮਨਜੋਤ ਸਿੰਘ ਨੇ ਪੁਰਸ਼ਾਂ ਦੀ 20 ਕਿਲੋਮੀਟਰ 'ਚ ਪੈਦਲ ਚਾਲ 'ਚ ਕਾਂਸੀ ਦਾ ਤਗ਼ਮਾ ਆਪਣੇ ਨਾਮ ਕੀਤਾ। ਇਸੇ ਦੌਰਾਨ ਅੱਜ 15 ਪੈਦਲ ਚਾਲ ਖਿਡਾਰੀਆਂ (ਔਰਤਾਂ 10 ਕਿਲੋਮੀਟਰ ਤੇ ਪੁਰਸ਼ 20 ਕਿਲੋਮੀਟਰ) ਨੇ ਕੌਮੀ ਖੇਡਾਂ ਦੇ ਰਿਕਾਰਡ ਤੋਂ ਬਿਹਤਰ ਪ੍ਰਦਰਸ਼ਨ ਕੀਤਾ।

ਦਿੱਲੀ ਦੀ ਕੇ.ਐੱਮ. ਚੰਦਾ ਨੇ 800 ਮੀਟਰ ਦੌੜ 'ਚ ਆਪਣੇ ਹੀ ਕੌਮੀ ਖੇਡਾਂ ਦੇ ਰਿਕਾਰਡ 'ਚ ਸੁਧਾਰ ਕੀਤਾ। ਉਸ ਨੇ ਦੋ ਮਿੰਟ 0.82 ਸਕਿੰਟ ਦੇ ਸਮੇਂ ਨਾਲ ਸੋਨ ਤਗ਼ਮਾ ਜਿੱਤਿਆ। ਪੰਜਾਬ ਦੀ ਟਵਿੰਕਲ ਚੌਧਰੀ ਨੇ 2 ਮਿੰਟ 3.46 ਸਕਿੰਟਾਂ ਤੇ ਅਮਨਦੀਪ ਕੌਰ ਨੇ ਦੋ ਮਿੰਟ 04.76 ਸਕਿੰਟ 'ਚ ਦੌੜ ਪੂਰੀ ਕੀਤੀ। ਵੀਹ ਕਿਲੋਮੀਟਰ ਪੈਦਲ ਚਾਲ 'ਚ ਪੰਜਾਬ ਦੇ ਅਮਨਜੋਤ ਸਿੰਘ ਨੇ ਕਾਂਸੇ ਦਾ ਤਗ਼ਮਾ ਜਿੱਤਿਆ। ਇਸ ਦੌੜ 'ਚ ਸਰਵਿਸਿਜ਼ ਦੇ ਸਰਵਿਨ ਸੈਬੈਸਟੀਅਨ ਨੇ ਸੋਨ ਤਗ਼ਮਾ ਜਦਕਿ ਉੱਤਰਾਖੰਡ ਦੇ ਸੂਰਜ ਪੰਵਾਰ ਨੇ ਚਾਂਦੀ ਦਾ ਤਗਮਾ ਆਪਣੇ ਨਾਮ ਕੀਤਾ। ਇਸ ਦੌਰਾਨ ਪੁਰਸ਼ਾਂ ਦੀ 200 ਮੀਟਰ ਦੌੜ 'ਚ ਉੜੀਸਾ ਦੇ ਫਰਾਟਾ ਦੌੜਾਕ ਅਨੀਮੇਸ਼ ਕੁਜੂਰ ਨੇ 20.58 ਸਕਿੰਟਾਂ ਦੇ ਸਮੇਂ ਨਾਲ ਸੋਨ ਤਗ਼ਮਾ ਜਿੱਤਿਆ।






# ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਯਾਦ ਕਰਦਿਆਂ...

ਖ਼ਾਲਸੇ ਨੇ ਹਮੇਸ਼ਾ ਨਾ ਹੀ ਕਿਸੇ 'ਤੇ ਜ਼ੁਲਮ ਕੀਤਾ ਤੇ ਨਾ ਹੀ ਜ਼ੁਲਮ ਸਹਿਣ ਨਹੀਂ ਕੀਤਾ। ਗੁਰੂ ਸਾਹਿਬਾਨ ਵਲੋਂ ਦਿਤੇ ਗਏ ਸੰਦੇਸ਼ ਨੂੰ ਆਪਣੀ ਜ਼ਿੰਦਗੀ 'ਚ ਲਾਗੂ ਕਰਦਿਆਂ ਸਿੰਘਾਂ ਨੇ ਬੜੀ ਬਹਾਦਰੀ ਨਾਲ ਜ਼ੁਲਮ ਦਾ ਅੰਤ ਕੀਤਾ। ਇਕ ਅਜਿਹਾ ਹੀ ਸੂਰਬੀਰ ਯੋਧਾ ਮਹਾਂਬਲੀ ਜਿਨ੍ਹਾਂ ਦਾ ਨਾਮ ਅਸੀਂ ਬੜੇ ਸਤਿਕਾਰ ਨਾਲ ਲੈਂਦੇ ਹਾਂ ਉਹ ਹਨ ਸਾਹਿਬਜ਼ਾਦਾ ਅਜੀਤ ਸਿੰਘ ਜੀ।

ਬਾਬਾ ਅਜੀਤ ਸਿੰਘ ਜੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਵੱਡੇ ਲਖਤ-ਏ-ਜ਼ਿਗਰ ਨੌਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪੋਤਰੇ ਅਤੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੜਪੋਤੇ ਸਨ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਸੰਮਤ 1743 (ਦੇਸੀ ਮਹੀਨਾ 23 ਮਾਘ) ਮੁਤਾਬਕ 11 ਫ਼ਰਵਰੀ 1687 ਈ. ਨੂੰ ਹਿਮਾਚਲ ਪ੍ਰਦੇਸ਼ ਦੇ ਰਮਣੀਕ ਸਥਾਨ ਪਾਉਂਟਾ ਸਾਹਿਬ ਵਿਖੇ ਹੋਇਆ।

ਉਨ੍ਹਾਂ ਦਾ ਪਾਲਣ ਪੋਸ਼ਣ ਅਨੰਦਪੁਰ ਵਿੱਚ ਹੋਇਆ ਸੀ, ਜਿੱਥੇ ਉਨ੍ਹਾਂ ਦੀ ਸਿੱਖਿਆ ਵਿੱਚ ਧਾਰਮਕ ਗ੍ਰੰਥ, ਇਤਿਹਾਸ ਅਤੇ ਦਰਸ਼ਨ ਸ਼ਾਮਲ ਸਨ। ਉਨ੍ਹਾਂ ਨੇ ਜੀਵਨ ਸਿੰਘ (ਭਾਈ ਜੈਤਾ) ਤੋਂ ਸਵਾਰੀ ਅਤੇ ਤਲਵਾਰਬਾਜ਼ੀ ਅਤੇ ਤੀਰਅੰਦਾਜ਼ੀ ਦੀ ਮਾਰਸ਼ਲ ਆਰਟਸ ਦੀ ਸਿਖਲਾਈ ਪ੍ਰਾਪਤ ਕੀਤੀ। ਛੋਟੀ ਵਰੇਸ (ਅਵਸਥਾ) 'ਚ ਵਡੇਰੀ ਕੁਰਬਾਨੀ ਸਦਕਾ ਉਨ੍ਹਾਂ ਨੂੰ ਸਿੱਖ ਸਮਾਜ 'ਚ ਸਤਿਕਾਰ ਵਜੋਂ ਬਾਬਾ ਅਜੀਤ ਸਿੰਘ ਜੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਜਦੋਂ ਸਾਹਿਬਜ਼ਾਦੇ ਅਜੀਤ ਸਿੰਘ ਪੰਜ ਕੁ ਮਹੀਨਿਆਂ ਦੇ ਹੋਏ ਤਾਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਹਾੜੀ ਰਾਜਿਆਂ ਨਾਲ ਭੰਗਾਣੀ ਦੇ ਮੈਦਾਨ 'ਚ ਗਹਿਗੱਚ ਲੜਾਈ ਹੋਈ ਸੀ। ਇਸ ਲੜਾਈ 'ਚ ਗੁਰੂ ਦੀਆਂ ਫ਼ੌਜਾਂ ਦੀ ਮਹਾਨ ਜਿੱਤ ਸਦਕਾ ਸਾਹਿਬਾਜ਼ਾਦੇ ਦਾ ਨਾਂ ਅਜੀਤ ਸਿੰਘ ਰੱਖਿਆ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਚੁਸਤ ਤੇ ਸਿਆਣੇ ਨੌਜਵਾਨ ਸਨ।

ਜਿਉਂ ਹੀ ਉਨ੍ਹਾਂ ਨੇ ਜਵਾਨੀ ਦੀ ਦਹਿਲੀਜ਼ 'ਚ ਪੈਰ ਰਖਿਆ, ਉਨ੍ਹਾਂ ਨੇ ਕੁਸ਼ਤੀ, ਘੋੜ-ਸਵਾਰੀ, ਤਲਵਾਰਬਾਜ਼ੀ ਅਤੇ ਬੰਦੂਕ ਚਲਾਉਣੀ ਸ਼ੁਰੂ ਕਰ ਦਿਤੀ। 12 ਸਾਲ ਦੀ ਉਮਰ 'ਚ ਜਦੋਂ ਉਹ 23 ਮਈ 1699 ਨੂੰ ਇਕ ਸੌ ਸਿੰਘਾਂ ਦਾ ਜਥਾ ਲੈ ਕੇ ਨੂਹ ਪਿੰਡ ਗਏ ਤਾਂ ਉਨ੍ਹਾਂ ਨੇ ਉਥੋਂ ਦੇ ਰੰਘੜਾਂ ਨੂੰ (ਜਿਨ੍ਹਾਂ ਨੇ ਪੋਠੋਹਾਰ ਦੀ ਸੰਗਤ ਨੂੰ ਅਨੰਦਪੁਰ ਆਉਂਦਿਆਂ ਲੁੱਟ ਲਿਆ ਸੀ) ਨੂੰ ਸਜ਼ਾ ਦਿਤੀ।

ਸਹਿਬਜ਼ਾਦਾ ਅਜੀਤ ਸਿੰਘ ਜੀ ਨੇ ਨਾ ਕੇਵਲ ਆਪ ਧਾਰਮਕ, ਸਮਾਜਕ ਸਿੱਖਿਆ ਗ੍ਰਹਿਣ ਕੀਤੀ ਬਲਕਿ ਅਪਣੇ ਤੋਂ ਛੋਟੇ ਭਰਾਵਾਂ ਨੂੰ ਵੀ ਨੈਤਿਕ ਸਿੱਖਿਆ ਨਾਲ ਓਤ-ਪੋਤ ਕਰ ਦਿਤਾ। ਇਸੇ ਸਿੱਖਿਆ ਦਾ ਨਤੀਜਾ ਸੀ ਕਿ ਬਾਬਾ ਅਜੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਬਾਬਾ ਜੁਝਾਰ ਸਿੰਘ ਨੇ ਜੰਗ-ਏ-ਮੈਦਾਨ 'ਚ ਜਾਣ ਦੀ ਤਿਆਰੀ ਕਰ ਲਈ ਤੇ ਛੋਟੇ ਸਾਹਿਬਜ਼ਾਦਿਆਂ ਨੇ ਵਜ਼ੀਰ ਖ਼ਾਨ ਦੀ ਈਨ ਨਹੀਂ ਮੰਨੀ।

29 ਅਗਸਤ 1700 ਨੂੰ ਜਦੋਂ ਪਹਾੜੀ ਰਾਜਿਆਂ ਨੇ ਤਾਰਾਗੜ੍ਹ ਕਿਲ੍ਹੇ 'ਤੇ ਹਮਲਾ ਕੀਤਾ ਸੀ ਤਾਂ ਬਾਬਾ ਜੀ ਨੇ ਬੜੀ ਸੂਰਬੀਰਤਾ ਨਾਲ ਉਨ੍ਹਾਂ ਦਾ ਸਾਹਮਣਾ ਕੀਤਾ। ਅਕਤੂਬਰ ਦੇ ਸ਼ੁਰੂਆਤੀ ਦਿਨਾਂ 'ਚ ਜਦੋਂ ਪਹਾੜੀ ਰਾਜਿਆਂ ਨੇ ਨਿਰਮੋਹਗੜ੍ਹ 'ਤੇ ਧਾਵਾ ਬੋਲਿਆ, ਉਸ ਵੇਲੇ ਵੀ ਸਾਹਿਬਜ਼ਾਦਾ ਅਜੀਤ ਸਿੰਘ ਨੇ ਦਸਮ ਪਿਤਾ ਜੀ ਦਾ ਡਟਵਾਂ ਸਾਥ ਦਿਤਾ। ਇਕ ਦਿਨ ਕਲਗ਼ੀਧਰ ਪਾਤਸ਼ਾਹ ਜੀ ਦਾ ਦਰਬਾਰ ਸਜਿਆ ਹੋਇਆ ਸੀ।

ਇਕ ਗ਼ਰੀਬ ਬ੍ਰਾਹਮਣ ਦੇਵਦਾਸ ਰੋਂਦਾ-ਕੁਰਲਾਉਂਦਾ ਆਇਆ ਤੇ ਕਹਿਣ ਲੱਗਾ, 'ਮੈਂ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਬੱਸੀ ਦਾ ਰਹਿਣ ਵਾਲਾ ਹਾਂ। ਪਿੰਡ ਦੇ ਪਠਾਣਾਂ ਨੇ ਮੇਰੇ ਨਾਲ ਧੱਕੇਸ਼ਾਹੀ ਕੀਤੀ ਹੈ। ਮੇਰੀ ਕੁੱਟਮਾਰ ਕਰ ਕੇ ਮੇਰੀ ਪਤਨੀ ਵੀ ਮੇਰੇ ਕੋਲੋਂ ਖੋਹ ਲਈ ਹੈ। ਹੋਰ ਕਿਸੇ ਨੇ ਮੇਰੀ ਫ਼ਰਿਆਦ ਵਲ ਧਿਆਨ ਨਹੀਂ ਦਿਤਾ। ਗੁਰੂ ਨਾਨਕ ਦਾ ਦਰ ਹਮੇਸ਼ਾ ਨਿਮਾਣਿਆਂ ਦਾ ਮਾਣ ਬਣਦਾ ਆ ਰਿਹਾ ਹੈ, ਸੋ ਕਿਰਪਾ ਕਰੋ ਮੇਰੀ ਇੱਜ਼ਤ ਮੈਨੂੰ ਵਾਪਸ ਦਿਵਾ ਦਿਉ।

ਮੈਂ ਸਦਾ ਵਾਸਤੇ ਗੁਰੂ ਨਾਨਕ ਦੇ ਘਰ ਦਾ ਰਿਣੀ ਰਹਾਂਗਾ।'"ਗੁਰੂ ਸਾਹਿਬ ਜੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਹੋਰ ਸਿੰਘਾਂ ਨੂੰ ਨਾਲ ਲੈ ਕੇ ਜਾਬਰ ਖ਼ਾਂ ਤੋਂ ਦੇਵਦਾਸ ਦੀ ਪਤਨੀ ਨੂੰ ਛੁਡਾ ਕੇ ਲਿਆਉਣ ਲਈ ਕਿਹਾ। ਸਾਹਿਬਜ਼ਾਦਾ ਅਜੀਤ ਸਿੰਘ ਨੇ 100 ਘੋੜ ਸਵਾਰ ਸਿੰਘਾਂ ਦਾ ਜਥਾ ਨਾਲ ਲੈ ਕੇ ਬੱਸੀ ਪਿੰਡ 'ਤੇ ਧਾਵਾ ਬੋਲ ਦਿਤਾ। ਉਨ੍ਹਾਂ ਜਾਬਰ ਖ਼ਾਂ ਦੀ ਹਵੇਲੀ ਨੂੰ ਘੇਰ ਲਿਆ ਤੇ ਗ਼ਰੀਬ ਬ੍ਰਾਹਮਣ ਦੀ ਪਤਨੀ ਨੂੰ ਜ਼ਾਲਮ ਦੇ ਪੰਜੇ 'ਚੋਂ ਛੁਡਾ ਲਿਆ ਅਤੇ ਜਾਬਰ ਖ਼ਾਂ ਨੂੰ ਢੁਕਵੀਂ ਸਜ਼ਾ ਦਿਤੀ।

ਆਨੰਦਪੁਰ ਸਾਹਿਬ 'ਚ ਹੋਏ ਮੁਗ਼ਲਾਂ ਤੇ ਪਹਾੜੀਆਂ ਦੇ ਹਮਲਿਆਂ ਦਾ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਦਲੇਰਾਨਾ ਤੇ ਸੂਝਪੂਰਵਕ ਢੰਗ ਨਾਲ ਸਾਹਮਣਾ ਕੀਤਾ। ਆਨੰਦਪੁਰ ਸਾਹਿਬ ਦੀ ਛੇਕੜਲੀ ਲੜਾਈ ਸਮੇਂ ਪਹਾੜੀ ਰਾਜਿਆਂ ਤੇ ਮੁਗ਼ਲਾਂ ਦੀਆਂ ਫ਼ੌਜਾਂ ਨੇ ਆਨੰਦਪੁਰ ਸਾਹਿਬ ਨੂੰ ਅੱਧੇ ਸਾਲ ਤੋਂ ਵੱਧ ਸਮਾਂ ਘੇਰਾ ਪਾਈ ਰੱਖਿਆ। ਪੰਜ ਪਿਆਰਿਆਂ ਵਲੋਂ ਜਾਰੀ ਕੀਤੇ ਗਏ ਹੁਕਮਨਾਮੇ ਤੋਂ ਬਾਅਦ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸੰਬਰ 1704 ਨੂੰ ਆਨੰਦਪੁਰ ਸਾਹਿਬ ਤੋਂ ਜਾਣ ਦਾ ਫ਼ੈਸਲਾ ਲਿਆ।




ਗੁਰੂ ਪਰਿਵਾਰ ਤੇ ਖ਼ਾਲਸਾ ਫ਼ੌਜ ਅਜੇ ਸਰਸਾ ਨਦੀ ਨੇੜੇ ਪਹੁੰਚੇ ਹੀ ਸਨ ਕਿ ਦੁਸ਼ਮਣ ਦੀ ਫ਼ੌਜ ਨੇ ਉਨ੍ਹਾਂ 'ਤੇ ਹਮਲਾ ਕਰ ਦਿਤਾ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਕਮਾਂਡ ਹੇਠ ਕੁਝ ਸ਼ੇਰਦਿਲ ਸਿੰਘਾਂ ਨੇ ਦੁਸ਼ਮਣ ਦੇ ਟਿੱਡੀ ਦਲ ਨੂੰ ਉਸ ਸਮੇਂ ਤਕ ਰੋਕੀ ਰੱਖਿਆ ਜਿੰਨੀ ਦੇਰ ਤਕ ਗੁਰੂ ਪਿਤਾ ਅਤੇ ਉਨ੍ਹਾਂ ਦੇ ਸਹਿਯੋਗੀ ਸਰਸਾ ਨਦੀ 'ਚ ਨਾ ਠਿੱਲ੍ਹ ਪਏ। ਪਿੱਛੋਂ ਉਹ ਆਪਣੇ ਸਾਥੀਆਂ ਸਮੇਤ ਆਪ ਵੀ ਨਦੀ ਪਾਰ ਕਰ ਗਏ।

ਨਦੀ ਪਾਰ ਕਰਨ ਤੋਂ ਬਾਅਦ ਗੁਰੂ ਸਾਹਿਬ ਤੇ ਖ਼ਾਲਸਾਈ ਫ਼ੌਜ ਦੇ ਕੁਝ ਕੁ ਗਿਣਤੀ (40) ਸਿੰਘਾਂ ਨੇ ਚਮਕੌਰ ਸਾਹਿਬ 'ਚ ਇਕ ਗੜ੍ਹੀਨੁਮਾ ਕੱਚੀ ਹਵੇਲੀ 'ਚ ਸ਼ਰਨ ਲੈ ਲਈ। ਗੁਰੂ ਸਾਹਿਬ ਨੇ ਇੱਥੋਂ ਹੀ ਦੁਸ਼ਮਣ ਦੀ ਫ਼ੌਜ ਨਾਲ ਲੋਹਾ ਲੈਣ ਦਾ ਮਨ ਬਣਾ ਲਿਆ। ਪੰਜ-ਪੰਜ ਸਿੰਘਾਂ ਦੇ ਜਥੇ ਵਾਰੋ-ਵਾਰੀ ਦੁਸ਼ਮਣਾਂ ਨਾਲ ਜੂਝ ਕੇ ਸ਼ਹੀਦੀਆਂ ਪ੍ਰਾਪਤ ਕਰਨ ਲੱਗੇ।

ਸਿੰਘਾਂ ਨੂੰ ਜੂਝਦਿਆਂ ਦੇਖ ਕੇ ਬਾਬਾ ਅਜੀਤ ਸਿੰਘ ਦਾ ਖ਼ੂਨ ਵੀ ਉਬਾਲੇ ਖਾਣ ਲੱਗਿਆ। ਜਦੋਂ ਉਨ੍ਹਾਂ ਨੇ ਗੁਰੂ ਪਿਤਾ ਜੀ ਕੋਲੋਂ ਮੈਦਾਨ-ਏ-ਜੰਗ 'ਚ ਜਾਣ ਦੀ ਆਗਿਆ ਮੰਗੀ ਤਾਂ ਕਲਗ਼ੀਧਰ ਪਾਤਸ਼ਾਹ ਜੀ ਨੇ ਪੁੱਤਰ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ। ਉਨ੍ਹਾਂ ਇੰਨੀ ਖ਼ੁਸ਼ੀ ਅਤੇ ਉਤਸ਼ਾਹ ਨਾਲ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਜੰਗ ਵੱਲ ਤੋਰਿਆ, ਜਿੰਨੇ ਚਾਅ ਨਾਲ ਜੰਞ ਚਾੜ੍ਹੀਦੀ ਹੈ। ਉਨ੍ਹਾਂ ਦੇ ਸੀਸ 'ਤੇ ਹੀਰਿਆਂ ਨਾਲ ਜੜੀ ਸੁੰਦਰ ਕਲਗ਼ੀ ਝਲਕਾਂ ਮਾਰ ਰਹੀ ਸੀ।

ਜਦੋਂ ਉਹ ਬਾਹਰ ਨਿਕਲੇ ਤਾਂ ਮੁਗ਼ਲਾਂ ਦੀਆਂ ਫ਼ੌਜਾਂ ਨੂੰ ਲੱਗਾ ਜਿਵੇਂ ਦਸ਼ਮ ਪਿਤਾ ਜੀ ਆਪ ਗੜੀ 'ਚੋਂ ਬਾਹਰ ਆ ਗਏ ਹੋਣ। ਉਸ ਸਮੇਂ ਜਿਧਰ ਕਿਸੇ ਨੂੰ ਰਾਹ ਮਿਲਿਆ ਉਧਰ ਹੀ ਡਰਦਾ ਹੋਇਆ ਦੌੜ ਗਿਆ। ਵੱਡੀ ਗਿਣਤੀ 'ਚ ਵੈਰੀਆਂ ਨੂੰ ਸਦਾ ਦੀ ਨੀਂਦ ਬਖ਼ਸ਼ ਕੇ ਬਾਬਾ ਅਜੀਤ ਸਿੰਘ ਜੀ ਆਪ ਵੀ ਸ਼ਹਾਦਤ ਪ੍ਰਾਪਤ ਕਰ ਗਏ।

ਨਾਮ ਹੈ ਅਜੀਤ ਜੀਤਾ ਨਹੀਂ ਜਾਉਂਗਾ,
ਅਗਰ ਹਾਰਾ ਤੋ ਜੀਤਾ ਨਹੀਂ ਆਉਂਗਾ

ਇਤਿਹਾਸ ਵਿਚ ਜ਼ਿਕਰ ਮਿਲਦਾ ਕਿ ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਜ਼ਮੀਨ 'ਤੇ ਡਿੱਗੇ ਸੀ ਤਾਂ ਉਨ੍ਹਾਂ ਦੇ ਸਰੀਰ ਉਪਰ ਤਿੰਨ ਸੌ ਤੋਂ ਵੱਧ ਫੱਟਾਂ ਦੇ ਵਾਰ ਸੀ।

ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦ ਹੁੰਦੇ ਹਨ ਤਾਂ ਗੁਰੂ ਪਾਤਸ਼ਾਹ ਜੀ ਚਮਕੌਰ ਦੀ ਗੜ੍ਹੀ ਦੀ ਮੰਮਟੀ ਤੇ ਖੜ੍ਹ ਕੇ ਗੁਰੂ ਗੋਬਿੰਦ ਸਿੰਘ ਜੀ ਜੈਕਾਰਾ ਛੱਡਦੇ ਹਨ। ਗੁਰੂ ਪਾਤਸ਼ਾਹ ਜੀ ਸ਼ਾਬਾਸ਼ ਦਿੰਦੇ ਹੋਏ ਕਹਿੰਦੇ ਹਨ :

'ਕੁਰਬਾਨ ਪਿਦਰ ਸ਼ਾਬਾਸ਼ ਖ਼ੂਬ ਲੜੇ ਹੋ,
ਕਿਉਂ ਨਾ ਹੋ ਗੋਬਿੰਦ ਕੇ ਫ਼ਰਜ਼ੰਦ ਬੜੇ ਹੋ'

ਜਿੱਥੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਸ਼ਹਾਦਤ ਪ੍ਰਾਪਤ ਕੀਤੀ ਉਸ ਮੁਕੱਦਸ ਅਸਥਾਨ ਦੀ ਵਡਿਆਈ ਜੋਗੀ ਅੱਲਾ ਯਾਰ ਖ਼ਾਂ ਵਲੋਂ ਕੁਝ ਇਸ ਕਦਰ ਕੀਤੀ ਗਈ ਹੈ।

ਬੱਸ ਏਕ ਹੀ ਤੀਰਥ ਹੈ ਹਿੰਦ ਮੇਂ
ਯਾਤਰਾ ਕੇ ਲੀਏ।
ਕਟਵਾਏ ਬਾਪ ਨੇ ਬੇਟੇ ਜਹਾਂ ਖ਼ੁਦਾ
ਕੇ ਲੀਏ।

# ਗੁਰੂ ਹਰਿਰਾਇ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼



ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜਨਮ ਬਾਬਾ ਗੁਰਦਿੱਤਾ ਜੀ ਦੇ ਗ੍ਰਹਿ ਵਿਖੇ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ 1630 ਈ. ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ। ਆਪ ਜੀ ਨੇ ਅਪਣੇ ਜੀਵਨ ਕਾਲ ਦੌਰਾਨ ਗ਼ਰੀਬਾਂ, ਲੋੜਵੰਦਾਂ ਤੇ ਰੋਗੀਆਂ ਦੀ ਦੇਖਭਾਲ, ਸੇਵਾ ਅਤੇ ਇਲਾਜ ਵੱਲ ਖ਼ਾਸ ਧਿਆਨ ਦਿੱਤਾ।

ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਬਚਪਨ ਤੋਂ ਹੀ ਸੰਤ-ਸੁਭਾਅ ਅਤੇ ਪਰਮੇਸ਼ਰ ਦੀ ਭਜਨ ਬੰਦਗੀ ਵਿਚ ਲੱਗੇ ਰਹਿਣ ਵਾਲੇ ਸਤਿ-ਸੰਤੋਖ ਦੀ ਮੂਰਤ ਸਨ। ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਬਹੁਤ ਸਤਿਕਾਰ ਕਰਦੇ ਅਤੇ ਸਦਾ ਉਨ੍ਹਾਂ ਦੀ ਹਜ਼ੂਰੀ ਵਿਚ ਰਹਿੰਦੇ ਸਨ। ਗੁਰੂ ਜੀ ਬਹੁਤ ਕੋਮਲ ਸੁਭਾਅ ਅਤੇ ਸ਼ਾਂਤ ਰਹਿਣ ਵਾਲੇ ਸਨ। ਆਪ ਜੀ ਦੇ ਦਵਾਖ਼ਾਨੇ ਵਿਚ ਅਮੀਰ ਗ਼ਰੀਬ ਇਲਾਜ ਕਰਵਾਇਆ ਕਰਦੇ ਸਨ।

ਜਦੋਂ ਜਹਾਂਗੀਰ ਦਾ ਬੇਟਾ ਦਾਰਾ ਸ਼ਿਕੋਹ ਬਹੁਤ ਬਿਮਾਰ ਹੋ ਗਿਆ ਅਤੇ ਕਿਧਰੇ ਵੀ ਇਲਾਜ ਨਾ ਹੋਇਆ ਤਾਂ ਗੁਰੂ ਸਾਹਿਬ ਜੀ ਦੇ ਦਵਾਖ਼ਾਨੇ ਤੋਂ ਦਵਾਈ ਮੰਗਵਾਈ ਗਈ, ਜਿਸ ਨਾਲ ਉਹ ਤੰਦਰੁਸਤ ਹੋ ਗਿਆ। ਆਪ ਜੀ ਕੋਲ ਤਿਆਰ-ਬਰ-ਤਿਆਰ 2200 ਸਵਾਰ ਰਹਿੰਦੇ ਪਰ ਆਪ ਨੂੰ ਕੋਈ ਜੰਗ ਨਹੀਂ ਕਰਨੀ ਪਈ। ਜਦੋਂ ਦਾਰਾ ਸ਼ਿਕੋਹ ਆਪਣੇ ਭਰਾ ਔਰੰਗਜ਼ੇਬ ਤੋਂ ਬਚਣ ਲਈ ਗੁਰੂ ਜੀ ਦੀ ਸ਼ਰਨ ਵਿਚ ਗੋਇੰਦਵਾਲ ਵਿਖੇ ਪਹੁੰਚਿਆ ਅਤੇ ਉਸ ਨੇ ਸਹਾਇਤਾ ਦੀ ਪੁਕਾਰ ਕੀਤੀ ਤਾਂ ਗੁਰੂ ਸਾਹਿਬ ਨੇ ਮਗਰ ਆ ਰਹੀ ਔਰੰਗਜ਼ੇਬ ਦੀ ਫ਼ੌਜ ਨੂੰ ਦਰਿਆ ਤੋਂ ਪਾਰ ਰੋਕ ਦਿੱਤਾ।

ਸੰਨ 1661 ਈ: ਵਿਚ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰੂ ਨਾਨਕ ਦੀ ਗੱਦੀ 'ਤੇ ਬਿਠਾ ਕੇ ਪੰਜ ਪੈਸੇ ਤੇ ਨਾਰੀਅਲ ਰੱਖ, ਪੰਜ ਪਰਿਕਰਮਾ ਕਰ ਕੇ ਮੱਥਾ ਟੇਕਿਆ, ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ ਅਤੇ ਅੱਠਵੇਂ ਗੁਰੂ ਨਾਨਕ ਪ੍ਰਗਟ ਕੀਤੇ। ਇਸ ਤੋਂ ਬਾਅਦ ਆਪ ਜੀ ਜੋਤੀ ਜੋਤ ਸਮਾ ਗਏ। ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦਾ ਅਖ਼ੀਰਲਾ ਸਮਾਂ ਕੀਰਤਪੁਰ ਸਾਹਿਬ 'ਚ ਹੀ ਬੀਤਿਆ। 1661 ਵਿਚ ਉਹ ਜੋਤੀ ਜੋਤ ਸਮਾ ਗਏ। ਉਨ੍ਹਾਂ ਦਾ ਅੰਤਮ ਸਸਕਾਰ ਸਤਲੁਜ ਦਰਿਆ ਦੇ ਕੰਢੇ ਪਾਤਾਲਪੁਰੀ ਵਿਖੇ ਕੀਤਾ ਗਿਆ।

# ਪੰਜਾਬ ਦਾ ਗੀਤ

ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !
ਜਿਵੇਂ ਫੁੱਲਾਂ ਅੰਦਰ,
ਫੁੱਲ ਗੁਲਾਬ ਨੀ ਸਈਓ !

ਰਲਮਿਲ ਬਾਗ਼ੀਂ ਪੀਂਘਾਂ ਝੂਟਣ,
ਕੁੜੀਆਂ ਨਾਗਰ ਵੇਲਾਂ ।
ਜੋਸ਼ ਜੁਆਨੀ ਠਾਠਾਂ ਮਾਰੇ,
ਲਿਸ਼ਕਣ ਹਾਰ ਹਮੇਲਾਂ ।
ਪਹਿਨਣ ਹੀਰੇ ਮੋਤੀ,
ਮੁਖ ਮਤਾਬ ਨੀ ਸਈਓ !
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

ਜੁੜ ਮੁਟਿਆਰਾਂ ਤ੍ਰਿੰਞਣ ਅੰਦਰ,
ਚਰਖੇ ਬੈਠ ਘੁਕਾਵਣ !
ਨਾਜ਼ਕ ਬਾਂਹ ਉਲਾਰ ਪਿਆਰੀ,
ਤੰਦ ਚਰਖੜੇ ਪਾਵਣ ।
ਸੀਨੇ ਅੱਗਾਂ ਲਾਵਣ ।
ਹੋਠ ਉਨਾਬ ਨੀ ਸਈਓ ।
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

ਹੀਰ ਸ਼ਹਿਜ਼ਾਦੀ ਬੇੜੇ ਬੈਠੀ,
ਸਈਆਂ ਖੇਡਣ ਪਈਆਂ !
ਚੰਦ ਦੁਆਲੇ ਤਾਰੇ ਚਮਕਣ,
ਹੀਰ ਦੁਆਲੇ ਸਈਆਂ !
ਝੱਲੀ ਜਾਏ ਨਾਹੀਂ,
ਉਹਦੀ ਤਾਬ ਨੀ ਸਈਓ ।
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

ਮੌਜ ਲਾਈ ਦਰਿਆਵਾਂ ਸੋਹਣੀ,
ਬਾਗ਼ ਜ਼ਮੀਨਾਂ ਫਲਦੇ !
'ਸ਼ਰਫ਼' ਪੰਜਾਬੀ ਧਰਤੀ ਉੱਤੇ
ਠੁਮਕ ਠੁਮਕ ਪਏ ਚਲਦੇ !
ਸਤਲੁਜ, ਰਾਵੀ, ਜੇਹਲਮ,
ਅਟਕ, ਚਨਾਬ ਨੀ ਸਈਓ ।
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !











